25-MAY-PAGE-1.qxd 5/24/2024 10:33 PM Page 1

ਸ਼ਨੀਵਾਰ, 25 ਮਈ, 2024
12 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 355

ਨਵਾਂ ਜ਼ਮਾਨਾ

DAILY NAWAN ZAMANA • SATURDAY, 25 MAY, 2024

ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

21 ਕੌਮਾਂਤਰੀ ਜਥੇਬੰਦੀਆਂ ਦਾ ਚੀਫ ਜਸਟਿਸ ਨੂੰ ਪੱਤਰ

ਅਡਾਨੀ ਕੋਇਲਾ ਮਾਮਲੇ ਦਾ ਤੇਜ਼ੀ ਨਾਲ ਨਿਬੇੜਾ ਕਰਨ 'ਤੇ ਜ਼ੋਰ

ਨਵੀਂ ਦਿੱਲੀ : ਘੱਟੋ-ਘੱਟ 21 ਕੌਮਾਂਤਰੀ ਜਥੇਬੰਦੀਆਂ ਨੇ ਭਾਰਤ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੂੰ ਪੱਤਰ ਲਿਖਿਆ ਹੈ ਤੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੈ ਕਿ ਇੰਡੋਨੇਸ਼ੀਆ ਤੋਂ ਬਰਾਮਦ ਕੀਤੇ ਕੋਇਲੇ ਦੀ ਕਥਿਤ ਤੌਰ 'ਤੇ ਵਾਧੂ ਕੀਮਤ ਲਾਉਣ ਵਾਲੀਆਂ ਅਡਾਨੀ ਗਰੁੱਪ ਦੀਆਂ ਫਰਮਾਂ ਦੀ ਜਾਂਚ ਕਰਨ ਵਾਲੇ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ ਵੱਲੋਂ ਦਾਇਰ ਕੇਸ ਦਾ ਤੇਜ਼ੀ ਨਾਲ ਨਿਬੇੜਾ ਕੀਤਾ ਜਾਵੇ।

ਇਹ ਪੱਤਰ ਲੰਡਨ ਅਧਾਰਤ ਅਖਬਾਰ 'ਫਾਈਨੈਂਸ਼ੀਅਲ ਟਾਈਮਜ਼' ਵਿਚ ਛਪੀ ਖਬਰ ਤੋਂ ਬਾਅਦ ਸਾਹਮਣੇ ਆਇਆ ਹੈ। ਖਬਰ ਵਿਚ ਜਾਰਜ ਸੋਰੋਸ ਦੀ ਸਰਪ੍ਰਸਤੀ ਵਾਲੀ ਜਥੇਬੰਦੀ 'ਆਰਗੇਨਾਈਜ਼ਡ ਕ੍ਰਾਈਮ ਐਂਡ ਕੁਰੱਪਸ਼ਨ ਰਿਪੋਰਟਿੰਗ ਪ੍ਰੋਜੈਕਟ (ਓ ਸੀ ਸੀ ਆਰ ਪੀ) ਦੇ ਉਨ੍ਹਾਂ ਦਸਤਾਵੇਜ਼ਾਂ ਦਾ ਹਵਾਲਾ ਦਿੱਤਾ ਗਿਆ ਹੈ, ਜਿਨ੍ਹਾਂ ਮੁਤਾਬਕ ਅਡਾਨੀ ਗਰੁੱਪ ਨੇ 2013 ਵਿਚ ਘਟੀਆ ਕੋਇਲਾ ਮਹਿੰਗੇ ਭਾਅ ਵੇਚ ਕੇ ਫਰਾਡ ਕੀਤਾ।

ਇਹ ਕਹਿੰਦਿਆਂ ਕਿ ਉਹ ਕੋਇਲੇ ਦੀ ਵਰਤੋਂ ਜਾਰੀ ਰੱਖਣ ਦੇ ਵਿਰੁੱਧ ਹਨ, ਜਥੇਬੰਦੀਆਂ ਨੇ ਕਿਹਾ ਕਿ ਅਖਬਾਰ ਦੀ ਰਿਪੋਰਟ ਨੇ ਨਵੇਂ ਸਬੂਤ ਸਾਹਮਣੇ ਲਿਆਂਦੇ ਹਨ ਕਿ ਅਡਾਨੀ ਗਰੁੱਪ ਨੇ ਤਾਮਿਲਨਾਡੂ ਜਨਰੇਸ਼ਨ ਐਂਡ ਡਿਸਟ੍ਰੀਬਿਊਸ਼ਨ ਕੰਪਨੀ (ਤਨਗੇਡਕੋ) ਨੂੰ ਘਟੀਆ ਕੋਇਲਾ ਸਪਲਾਈ ਕੀਤਾ ਤੇ ਕੀਮਤ ਬਹੁਤ ਸਾਫ ਕੋਇਲੇ ਦੀ ਲਈ।

ਚੀਫ ਜਸਟਿਸ ਨੂੰ ਪੱਤਰ ਲਿਖਣ ਵਾਲੀਆਂ ਕੰਪਨੀਆਂ ਵਿਚ ਸ਼ਾਮਲ ਹਨ : ਆਸਟਰੇਲੀਅਨ ਸੈਂਟਰ ਫਾਰ ਇੰਟਰਨੈਸ਼ਨਲ ਜਸਟਿਸ, ਬੈਂਕਟਰੈਕ, ਬੌਬ ਬ੍ਰਾਊਨ ਫਾਊਂਡੇਸ਼ਨ, ਕਲਚਰ ਅਨਸਟੇਂਡ, ਏਕੋ, ਐਕਸਟਿੰਕਸ਼ਨ ਰੇਬੇਲੀਅਨ, ਫਰੈਂਡਜ਼ ਆਫ ਦੀ ਅਰਥ ਆਸਟਰੇਲੀਆ, ਲੰਡਨ ਮਾਈਨਿੰਗ ਨੈੱਟਵਰਕ, ਮੈਕੇ ਕੰਜ਼ਰਵੇਸ਼ਨ ਗਰੁੱਪ, ਮਾਰਕਿਟ ਫੋਰਸਿਜ਼, ਮਨੀ ਰੇਬੇਲੀਅਨ, ਮੂਵ ਬਿਓਂਡ ਕੋਲ, ਸੀਨੀਅਰਜ਼ ਫਾਰ ਕਲਾਈਮੇਟ ਐਕਸ਼ਨ ਨਾਓ, ਸਟੈਂਡ ਅਰਥ, ਸਟਾਪ ਅਡਾਨੀ, ਸਨਰਾਈਜ਼ ਮੂਵਮੈਂਟ, ਟਿਪਿੰਗ ਪੁਆਇੰਟ, ਟੌਕਸਿਕ ਬੌਂਡਜ਼, ਟਰਾਂਸਪੇਰੈਂਸੀ ਇੰਟਰਨੈਸ਼ਨਲ ਆਸਟਰੇਲੀਆ, ਡਬਲਿਊ ਐਂਡ ਜੇ ਨਾਗਨਾ ਯਰਬਾਯਨ ਕਲਚਰਲ ਕਸਟੋਡੀਅਨਜ਼ ਅਤੇ ਕੁਈਨਜ਼ਲੈਂਡ ਕੰਜ਼ਰਵੇਸ਼ਨ ਕੌਂਸਲ।

ਜਦਕਿ ਅਡਾਨੀ ਗਰੁੱਪ ਨੇ ਦੋਸ਼ ਝੁਠਲਾਏ ਹਨ। ਖਬਰ ਵਿਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਸਣੇ ਕਈ ਆਪੋਜ਼ੀਸ਼ਨ ਆਗੂਆਂ ਦੀ ਇਸ ਮੰਗ ਦਾ ਜ਼ਿਕਰ ਕੀਤਾ ਗਿਆ ਹੈ ਕਿ ਮਾਮਲੇ ਦੀ ਜਾਂਚ ਸਾਂਝੀ ਸੰਸਦੀ ਕਮੇਟੀ ਤੋਂ ਕਰਵਾਈ ਜਾਵੇ।

ਅਡਾਨੀ ਗਰੁੱਪ ਦੇ ਬੁਲਾਰੇ ਨੇ ਕਿਹਾ ਕਿ ਕੋਇਲੇ ਦੀ ਕੁਆਲਿਟੀ ਦੀ ਲੋਡਿੰਗ ਤੇ ਡਿਸਚਾਰਜ ਵਾਲੀ ਥਾਂ 'ਤੇ ਅਜ਼ਾਦਾਨਾ ਜਾਂਚ ਕੀਤੀ ਗਈ ਸੀ। ਕਸਟਮਜ਼ ਅਧਿਕਾਰੀਆਂ ਤੇ ਤਨਗੇਡਕੋ ਦੇ ਅਧਿਕਾਰੀਆਂ ਨੇ ਵੀ ਕੀਤੀ ਸੀ। ਸਪਲਾਈ ਕੀਤੇ ਗਏ ਕੋਇਲੇ ਦੀ ਕੁਆਲਿਟੀ ਦੀ ਕਈ ਏਜੰਸੀਆਂ ਨੇ ਕਈ ਥਾਂ ਜਾਂਚ ਕੀਤੀ, ਇਸ ਕਰਕੇ ਘਟੀਆ ਕੁਆਲਿਟੀ ਦਾ ਕੋਇਲਾ ਸਪਲਾਈ ਕਰਨ ਦੇ ਦੋਸ਼ ਬੇਬੁਨਿਆਦ ਤੇ ਨਾਵਾਜਬ ਹਨ।

ਇਸ ਤੋਂ ਇਲਾਵਾ ਇੰਡੋਨੇਸ਼ੀਆ ਤੋਂ ਜਿਹੜੇ ਜਹਾਜ਼ ਵਿਚ ਦਸੰਬਰ 2013 ਵਿਚ ਕੋਇਲਾ ਲਿਆਉਣ ਦੀ ਅਖਬਾਰ ਨੇ ਗੱਲ ਕੀਤੀ ਹੈ, ਉਹ ਜਹਾਜ਼ ਤਾਂ ਫਰਵਰੀ 2014 ਤੋਂ ਪਹਿਲਾਂ ਵਰਤਿਆ ਹੀ ਨਹੀਂ ਗਿਆ। ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ ਨੇ ਸੁਪਰੀਮ ਕੋਰਟ ਵਿਚ ਦਿੱਤੇ ਹਲਫਨਾਮੇ ਵਿਚ ਕਿਹਾ ਸੀ ਕਿ ਉਹ ਕੋਇਲਾ ਮਹਿੰਗੀ ਕੀਮਤ ਦੇ ਵੇਚਣ ਦੀ ਜਾਂਚ ਮੁੜ ਕਰਨੀ ਚਾਹੁੰਦਾ ਹੈ। ਡਾਇਰੈਕਟੋਰੇਟ ਨੇ ਇਸ ਤੋਂ ਪਹਿਲਾਂ 2011 ਤੋਂ 2015 ਤੱਕ ਇੰਡੋਨੇਸ਼ੀਆ ਤੋਂ ਮੰਗਵਾਏ ਕੋਇਲੇ ਨੂੰ ਕਥਿਤ ਤੌਰ 'ਤੇ ਮਹਿੰਗੇ ਭਾਅ ਵੇਚਣ ਦੀ ਜਾਂਚ ਸ਼ੁਰੂ ਕੀਤੀ ਸੀ।

ਛੇਵਾਂ ਗੇੜ ਅੱਜ

ਨਵੀਂ ਦਿੱਲੀ : ਲੋਕ ਸਭਾ ਚੋਣਾਂ ਦੇ ਛੇਵੇਂ ਗੇੜ ਵਿਚ ਸ਼ਨੀਵਾਰ 7 ਰਾਜਾਂ ਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ਦੀਆਂ 58 ਸੀਟਾਂ ਲਈ ਵੋਟਿੰਗ ਹੋਵੇਗੀ। ਜੰਮੂ-ਕਸ਼ਮੀਰ ਦੀ ਅਨੰਤਨਾਗ-ਰਾਜੌਰੀ ਸੀਟ ਲਈ ਤੀਜੇ ਗੇੜ ਵਿਚ ਵੋਟਿੰਗ ਹੋਣੀ ਸੀ, ਪਰ ਮੌਸਮ ਦਾ ਹਵਾਲਾ ਦੇ ਕੇ 25 ਮਈ ਤੱਕ ਲਈ ਟਾਲ ਦਿੱਤੀ ਗਈ ਸੀ। ਹਰਿਆਣਾ ਦੀਆਂ 10 ਤੇ ਦਿੱਲੀ ਦੀਆਂ 7 ਸੀਟਾਂ ਲਈ ਛੇਵੇਂ ਗੇੜ ਵਿਚ ਵੋਟਾਂ ਪੈ ਰਹੀਆਂ ਹਨ।

ਛੇਵੇਂ ਗੇੜ ਵਿਚ ਜਿਨ੍ਹਾਂ ਦੀ ਕਿਸਮਤ ਦਾ ਫੈਸਲਾ ਹੋਣਾ ਹੈ, ਉਨ੍ਹਾਂ ਵਿਚ ਤਿੰਨ ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ, ਕ੍ਰਿਸ਼ਨ ਪਾਲ ਸਿੰਘ ਗੁਰਜਰ ਤੇ ਰਾਓ ਇੰਦਰਜੀਤ ਸਿੰਘ ਅਤੇ ਤਿੰਨ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ, ਮਨੋਹਰ ਲਾਲ ਖੱਟਰ ਤੇ ਜਗਦੰਬਿਕਾ ਪਾਲ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਮਨੋਜ ਤਿਵਾੜੀ, ਮੇਨਕਾ ਗਾਂਧੀ, ਨਵੀਨ ਜਿੰਦਲ, ਰਾਜ ਬੱਬਰ ਤੇ ਕਨ੍ਹੈਈਆ ਕੁਮਾਰ ਵੀ ਮੈਦਾਨ ਵਿਚ ਹਨ।

ਵੋਟ ਫੀਸਦੀ ਬਾਰੇ ਪਟੀਸ਼ਨ 'ਤੇ ਸੁਣਵਾਈ ਛੁੱਟੀਆਂ ਤੋਂ ਬਾਅਦ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਐੱਨ ਜੀ ਓ ਦੀ ਪਟੀਸ਼ਨ 'ਤੇ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ ਦੌਰਾਨ ਵੋਟ ਫੀਸਦੀ ਦੇ ਅੰਕੜਿਆਂ ਨੂੰ ਆਪਣੀ ਵੈੱਬਸਾਈਟ 'ਤੇ ਅਪਲੋਡ ਕਰਨ ਬਾਰੇ ਕੋਈ ਨਿਰਦੇਸ਼ ਦੇਣ ਤੋਂ ਸ਼ੁੱਕਰਵਾਰ ਇਨਕਾਰ ਕਰ ਦਿੱਤਾ। ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਛੁੱਟੀ ਵਾਲੀ ਬੈਂਚ ਨੇ ਕਿਹਾ ਕਿ ਵੋਟਿੰਗ ਦੇ ਪੰਜ ਪੜਾਅ ਪੂਰੇ ਹੋ ਚੁੱਕੇ ਹਨ, ਦੋ ਬਾਕੀ ਹਨ। ਚੋਣ ਕਮਿਸ਼ਨ ਲਈ ਵੈੱਬਸਾਈਟ 'ਤੇ ਵੋਟ ਫੀਸਦੀ ਦੇ ਅੰਕੜੇ ਅਪਲੋਡ ਕਰਨ ਦੇ ਕੰਮ ਵਿਚ ਲੋਕਾਂ ਨੂੰ ਸ਼ਾਮਲ ਕਰਨਾ ਮੁਸ਼ਕਲ ਹੈ।

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਨੇ ਮਤਦਾਨ ਕੇਂਦਰ ਵਾਰ ਵੋਟ ਫੀਸਦੀ ਦੇ ਅੰਕੜੇ ਵੈੱਬਸਾਈਟ 'ਤੇ ਅਪਲੋਡ ਕਰਨ ਦੀ ਮੰਗ ਕੀਤੀ ਸੀ। ਬੈਂਚ ਨੇ ਕਿਹਾ ਕਿ ਇਸ ਪਟੀਸ਼ਨ ਨੂੰ ਸੁਪਰੀਮ ਕੋਰਟ ਦੀਆਂ ਛੁੱਟੀਆਂ ਤੋਂ ਬਾਅਦ ਮੁੱਖ ਪਟੀਸ਼ਨ ਨਾਲ ਜੋੜ ਕੇ ਸੁਣਨਾ ਠੀਕ ਰਹੇਗਾ।

ਇਸੇ ਦੌਰਾਨ ਰਾਜ ਸਭਾ ਮੈਂਬਰ ਤੇ ਉੱਘੇ ਵਕੀਲ ਕਪਿਲ ਸਿੱਬਲ ਨੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ ਕਿ ਉਹ ਚੋਣ ਕਮਿਸ਼ਨ ਨੂੰ ਹਦਾਇਤ ਦੇਵੇ ਕਿ ਉਹ ਈ ਵੀ ਐੱਮਜ਼ ਦੇ ਲੌਗ ਨੂੰ ਘੱਟੋ-ਘੱਟ ਦੋ-ਤਿੰਨ ਸਾਲ ਸੇਫ ਰੱਖੇ ਅਤੇ ਵੋਟਾਂ ਦੀ ਗਿਣਤੀ ਸ਼ੁਰੂ ਕਰਨ ਤੋਂ ਪਹਿਲਾਂ ਹਰ ਗੇੜ ਵਿਚ ਪਈਆਂ ਵੋਟਾਂ ਦਾ ਰਿਕਾਰਡ ਦੱਸੇ, ਤਾਂ ਜੋ ਕੋਈ ਉਮੀਦਵਾਰ 'ਗੈਰਕਾਨੂੰਨੀ' ਨਾ ਚੁਣਿਆ ਜਾਵੇ। ਸਿੱਬਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇ ਚੋਣ ਕਮਿਸ਼ਨ ਕਿਸੇ ਪੋਲਿੰਗ ਸਟੇਸ਼ਨ 'ਤੇ ਪਈਆਂ ਵੋਟਾਂ ਦੀ ਗਿਣਤੀ ਦੱਸਣ ਵਾਲਾ ਫਾਰਮ 17 ਸੀ ਆਪਣੀ ਵੈੱਬਸਾਈਟ 'ਤੇ ਅਪਲੋਡ ਨਹੀਂ ਕਰ ਸਕਦਾ ਤਾਂ ਸੂਬਾਈ ਚੋਣ ਅਧਿਕਾਰੀ ਤਾਂ ਅਪਲੋਡ ਕਰ ਸਕਦਾ ਹੈ। ਹਰੇਕ ਮਸ਼ੀਨ ਦਾ ਅਪਰੇਟਿੰਗ ਸਿਸਟਮ ਹੁੰਦਾ ਹੈ ਤੇ ਈ ਵੀ ਐੱਮ ਦਾ ਵੀ ਹੁੰਦਾ ਹੈ। ਈ ਵੀ ਐੱਮ ਦਾ ਲੌਗ ਸੇਫ ਰੱਖਿਆ ਜਾ ਸਕਦਾ ਹੈ। ਇਸ ਨਾਲ ਪਤਾ ਲੱਗ ਜਾਵੇਗਾ ਕਿ ਕਿਸ ਵੇਲੇ ਵੋਟਿੰਗ ਖਤਮ ਹੋਈ ਤੇ ਕਿੰਨੀਆਂ ਵੋਟਾਂ ਨਾਜਾਇਜ਼ ਪਈਆਂ। ਇਹ ਦੱਸ ਦੇਵੇਗਾ ਕਿ ਵੋਟਾਂ ਕਿਸ ਵੇਲੇ ਪਈਆਂ।

ਇਸ ਸਬੂਤ ਨੂੰ ਸੇਫ ਰੱਖਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਚੋਣ ਕਮਿਸ਼ਨ ਆਮ ਕਰਕੇ 30 ਦਿਨ ਡਾਟਾ ਸੰਭਾਲ ਕੇ ਰੱਖਦਾ ਹੈ। ਸਿੱਬਲ ਨੇ ਕਿਹਾ ਕਿ ਦੋਸ਼ ਇਹ ਹੈ ਕਿ ਚੋਣ ਕਮਿਸ਼ਨ 17 ਸੀ ਫਾਰਮ ਅਪਲੋਡ ਨਹੀਂ ਕਰ ਰਿਹਾ, ਜਿਸ ਤੋਂ ਪਤਾ ਲੱਗੇ ਕਿ ਕਿੰਨੀਆਂ ਵੋਟਾਂ ਪਈਆਂ। ਜਦੋਂ ਗਿਣਤੀ ਹੋ ਗਈ, ਨਤੀਜੇ ਐਲਾਨੇ ਗਏ ਤਾਂ ਫਿਰ ਕੁਝ ਨਹੀਂ ਹੋ ਸਕਦਾ ਤੇ ਸਰਕਾਰ ਬਣ ਜਾਣੀ ਹੈ। ਇਸ ਲਈ ਚੋਣ ਕਮਿਸ਼ਨ ਨੂੰ ਘੱਟੋ-ਘੱਟ ਦੋ-ਤਿੰਨ ਸਾਲ ਲੌਗ ਨੂੰ ਸੁਰੱਖਿਅਤ ਰੱਖਣ ਦੀ ਹਦਾਇਤ ਕੀਤੀ ਜਾਵੇ।

ਸਿੱਬਲ ਨੇ ਕਿਹਾ ਕਿ ਲੋਕ ਇਹ ਵੀ ਜਾਨਣਾ ਚਾਹੁੰਦੇ ਹਨ ਕਿ ਵੋਟਾਂ ਪੈਣ ਵਾਲੇ ਦਿਨ ਤੋਂ ਬਾਅਦ ਵੋਟ ਫੀਸਦੀ ਕਿਵੇਂ ਵਧ ਗਈ। ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਫਾਰਮ 1 ਸੀ ਉਮੀਦਵਾਰ ਤੇ ਉਸ ਦੇ ਏਜੰਟ ਨੂੰ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਅਪਲੋਡ ਕਰਨ ਨਾਲ ਅਫਰਾਤਫਰੀ ਦੀ ਹਾਲਤ ਪੈਦਾ ਹੋ ਜਾਵੇਗੀ।

ਕੈਪਟਨ ਨੇ ਰਾਹੁਲ ਦੀ ਗੱਲ ਨਹੀਂ ਮੰਨੀ ਤਾਂ ਪਾਰਟੀ 'ਚੋਂ ਕਢਵਾ'ਤਾ : ਮੋਦੀ

ਚੰਡੀਗੜ੍ਹ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਗੁਰਦਾਸਪੁਰ ਦੇ ਦੀਨਾਨਗਰ 'ਚ ਭਾਜਪਾ ਦੀ ਫਤਿਹ ਚੋਣ ਰੈਲੀ ਦੌਰਾਨ ਕਾਂਗਰਸ ਤੇ ਆਪ ਦੇ ਨਾਲ-ਨਾਲ ਸਮੁੱਚੇ 'ਇੰਡੀਆ' ਗਠਜੋੜ ਦੀ ਆਲੋਚਨਾ ਕੀਤੀ। ਉਨ੍ਹਾ ਕਿਹਾ ਕਿ ਕਾਂਗਰਸ ਨੇ ਦੇਸ਼ ਨੂੰ ਹਮੇਸ਼ਾ ਜ਼ਖਮ ਦਿੱਤੇ ਹਨ। ਸਭ ਤੋਂ ਵੱਡਾ ਜ਼ਖਮ ਦੇਸ਼ ਦੀ ਵੰਡ ਦਾ ਹੈ। ਦਿੱਲੀ 'ਚ ਸਿੱਖਾਂ ਦਾ ਕਤਲੇਆਮ ਕਰਵਾਇਆ। ਉਨ੍ਹਾ ਕਿਹਾ ਕਿ ਕੇਂਦਰ 'ਚ ਭਾਜਪਾ ਦੀ ਸਰਕਾਰ ਆਉਣ ਤੋਂ ਬਾਅਦ ਦਿੱਲੀ ਕਤਲੇਆਮ ਦੀਆਂ ਫਾਈਲਾਂ ਖੋਲ੍ਹੀਆਂ ਗਈਆਂ ਤੇ ਦੋਸ਼ੀਆਂ ਨੂੰ ਸਜ਼ਾ ਮਿਲੀ। ਮੋਦੀ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਦੋਂ ਸ਼ਹਿਜ਼ਾਦੇ (ਰਾਹੁਲ) ਦੀ ਗੱਲ ਨਾ ਮੰਨੀ ਤਾਂ ਉਸ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ 'ਤੇ ਹਮਲੇ ਕਰਦੇ ਹੋਏ ਉਹਨਾ ਕਿਹਾ ਕਿ ਇੱਥੋਂ ਦੀ ਸਰਕਾਰ ਰਿਮੋਟ ਨਾਲ ਚੱਲ ਰਹੀ ਹੈ, ਕਿਉਂਕਿ ਮੁੱਖ ਮੰਤਰੀ ਆਪ ਕੋਈ ਵੀ ਫ਼ੈਸਲਾ ਨਹੀਂ ਲੈ ਸਕਦੇ। ਇਸ ਲਈ ਹੁਕਮ ਲੈਣ ਵਾਸਤੇ ਉਹ ਤਿਹਾੜ ਜੇਲ੍ਹ ਗਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਯੁੱਧਿਆ 'ਚ ਰਾਮ ਮੰਦਰ ਅੰਦੋਲਨ 'ਚ ਸਿੱਖਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਮੋਦੀ ਨੇ ਜਲੰਧਰ ਦੀ ਚੋਣ ਰੈਲੀ 'ਚ ਕਿਹਾ— ਕੋਰੋਨਾ ਦੇ ਔਖੇ ਸਮੇਂ 'ਚ ਤੁਸੀਂ ਸਾਰਿਆਂ ਨੇ ਸੇਵਾ ਦੀ ਮਿਸਾਲ ਕਾਇਮ ਕੀਤੀ ਸੀ। ਮੈਂ ਰਾਧਾ ਸੁਆਮੀ ਡੇਰੇ ਦੀ ਸੰਤ ਪਰੰਪਰਾ ਨੂੰ ਵੀ ਸਲਾਮ ਕਰਦਾ ਹਾਂ। ਪੰਜਾਬ ਮੇਰੇ ਲਈ ਨਵਾਂ ਨਹੀਂ ਹੈ। ਮੈਂ ਲੰਮਾ ਸਮਾਂ ਪੰਜਾਬ 'ਚ ਕੰਮ ਕੀਤਾ। ਜਲੰਧਰ ਦਾ ਕੁਲਚਾ ਤੇ ਕੈਂਟ ਦਾ ਪਕੌੜਾ, ਜਲੰਧਰ ਦੇ ਉਸ ਪਿਆਰ ਦਾ ਕਰਜ਼ਾ ਅੱਜ ਵੀ ਮੇਰੇ ਸਿਰ ਹੈ। ਜਲੰਧਰ ਤੋਂ ਵੱਡੀ ਗਿਣਤੀ 'ਚ ਲੋਕ ਮੇਰੇ ਬਨਾਰਸ ਆਉਂਦੇ ਰਹਿੰਦੇ ਹਨ। ਇਸ ਵਾਰ ਵੀ ਮੈਨੂੰ ਸੰਤ ਰਵਿਦਾਸ ਜੀ ਦੇ ਅਸਥਾਨ ਸੀਰ ਗੋਵਰਧਨਪੁਰ ਵਿਖੇ ਕਈ ਵਿਕਾਸ ਕਾਰਜਾਂ ਦੇ ਉਦਘਾਟਨ ਅਤੇ ਨੀਂਹ ਪੱਥਰ ਰੱਖਣ ਦਾ ਮੌਕਾ ਮਿਲਿਆ। ਮੋਦੀ ਨੇ ਨਾਹਨ ਦੀ ਚੋਣ ਰੈਲੀ 'ਚ ਕਾਂਗਰਸ 'ਤੇ ਹਿਮਾਚਲ ਦੇ ਨੌਜਵਾਨਾਂ ਨੂੰ ਇਕ ਲੱਖ ਨੌਕਰੀਆਂ ਦੇਣ ਦਾ ਵਾਅਦਾ ਪੂਰਾ ਨਾ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਪਾਰਟੀ ਦੀ ਤਾਲਾਬਾਜ਼ ਸਰਕਾਰ ਨੇ ਰਾਜ ਸਟਾਫ ਚੋਣ ਕਮਿਸ਼ਨ ਨੂੰ ਤਾਲਾ ਲਗਾ ਦਿੱਤਾ ਹੈ। ਮੋਦੀ ਨੇ ਇਹ ਵੀ ਕਿਹਾ ਕਿ ਕਾਂਗਰਸ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਘੋਰ ਫਿਰਕੂ, ਜਾਤੀਵਾਦੀ ਅਤੇ ਪਰਵਾਰਵਾਦੀ ਹਨ। ਉਨ੍ਹਾ ਕਿਹਾ, 'ਨਾਹਨ ਅਤੇ ਨਾ ਹੀ ਸਿਰਮੌਰ ਮੇਰੇ ਲਈ ਨਵਾਂ ਹੈ, ਪਰ ਮੇਰਾ ਕਹਿਣਾ ਹੈ ਕਿ ਅੱਜ ਦਾ ਮਾਹੌਲ ਨਵਾਂ ਹੈ, ਕਿਉਂਕਿ ਮੈਂ ਨਾਹਨ 'ਚ ਅਜਿਹੀ ਇਤਿਹਾਸਕ ਰੈਲੀ ਨਹੀਂ ਦੇਖੀ। ਮੰਡੀ 'ਚ ਕੰਗਣਾ ਰਣੌਤ ਦੇ ਹੱਕ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਕਾਂਗਰਸ ਨੇ ਮੰਡੀ ਦਾ ਨਾਂਅ ਲੈ ਕੇ ਕੰਗਣਾ ਜੀ ਬਾਰੇ ਜੋ ਭੱਦੀਆਂ ਗੱਲਾਂ ਕਹੀਆਂ ਹਨ, ਉਹ ਮੰਡੀ ਦਾ ਅਪਮਾਨ ਹੈ, ਛੋਟੀ ਕਾਸ਼ੀ ਦਾ ਅਪਮਾਨ ਹੈ, ਹਿਮਾਚਲ ਦਾ ਅਪਮਾਨ ਹੈ, ਹਿਮਾਚਲ ਦੀ ਹਰ ਧੀ ਦਾ ਅਪਮਾਨ ਹੈ।

ਕਿਰਗਿਜ਼ਸਤਾਨ ਤੋਂ ਡਰੇ ਪਾੜ੍ਹਿਆਂ ਦਾ ਨਿਕਾਸ ਜਾਰੀ

ਬਿਸ਼ਕੇਕ : ਪਾਕਿਸਤਾਨ ਅਤੇ ਹੋਰ ਏਸ਼ੀਆਈ ਦੇਸ਼ਾਂ ਦੇ ਵਿਦਿਆਰਥੀ ਇਸ ਮਹੀਨੇ ਭੀੜ ਵੱਲੋਂ ਕੀਤੇ ਹਮਲੇ ਬਾਅਦ ਸੈਂਕੜਿਆਂ ਦੀ ਗਿਣਤੀ 'ਚ ਕਿਰਗਿਜ਼ਸਤਾਨ ਛੱਡ ਰਹੇ ਹਨ। ਸਥਿਤੀ ਸ਼ਾਂਤ ਹੋਣ 'ਤੇ ਕੁਝ ਦੇ ਵਾਪਸ ਆਉਣ ਦੀ ਉਮੀਦ ਹੈ। ਸੈਂਕੜੇ ਕਿਰਗਿਜ਼ ਨੌਜਵਾਨਾਂ ਨੇ 17 ਮਈ ਦੀ ਸਵੇਰ ਨੂੰ ਰਾਜਧਾਨੀ ਬਿਸ਼ਕੇਕ 'ਚ ਇੱਕ ਹੋਸਟਲ 'ਚ ਵਿਦੇਸ਼ੀ ਵਿਦਿਆਰਥੀਆਂ 'ਤੇ ਹਮਲਾ ਕਰ ਦਿੱਤਾ ਸੀ। ਪਾਕਿਸਤਾਨ ਦੀ ਸਰਕਾਰ ਨੇ ਬਿਸ਼ਕੇਕ ਤੋਂ ਰੋਜ਼ਾਨਾ ਰਵਾਨਾ ਹੋਣ ਵਾਲੀਆਂ ਵਾਧੂ ਉਡਾਣਾਂ ਦਾ ਪ੍ਰਬੰਧ ਕੀਤਾ ਹੈ ਅਤੇ ਬਹੁਤ ਸਾਰੇ ਵਿਦਿਆਰਥੀ ਘਰ ਪਰਤ ਰਹੇ ਹਨ।

ਕੋਮਲ ਵੜਿੰਗ ਨੇ ਪਿਤਾ ਲਈ ਮੰਗੀਆਂ ਵੋਟਾਂ

ਲੁਧਿਆਣਾ (ਰਾਜ ਸਿੰਗਲਾ)- ਲੋਕ ਸਭਾ ਚੋਣਾਂ ਲਈ ਜਿੱਥੇ ਹਰ ਇੱਕ ਉਮੀਦਵਾਰ ਵੱਲੋਂ ਆਪਣੀ ਜਿੱਤ ਲਈ ਹਰ ਵਾਰਡ 'ਚ ਜਾ ਕੇ ਲੋਕਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਜਾ ਰਹੀ ਹੈ ਅਤੇ ਇਸੇ ਤਹਿਤ ਜਿੱਥੇ ਉਮੀਦਵਾਰਾਂ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਤੇ ਪਾਰਟੀ ਦੇ ਲੀਡਰ ਅਤੇ ਵਰਕਰ ਉਮੀਦਵਾਰ ਲਈ ਚੋਣ ਪ੍ਰਚਾਰ ਕਰ ਰਹੇ ਹਨ, ਉਥੇ ਹੀ ਪਰਿਵਾਰਾਂ ਦੇ ਨਾਲ ਨਾਲ ਬੱਚਿਆਂ ਦੀ ਵੱਧ ਰੁਚੀ ਦਿਖਾਈ ਦੇ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਉਨ੍ਹਾਂ ਦੀ ਧਰਮ ਪਤਨੀ ਅੰਮ੍ਰਿਤਾ ਵੜਿੰਗ ਹਲਕਾ ਲੁਧਿਆਣਾ ਵਿੱਚ ਦਿਨ-ਰਾਤ ਮਿਹਨਤ ਕਰ ਰਹੇ ਹਨ। ਵੱਖ-ਵੱਖ ਮੀਟਿੰਗਾਂ, ਚੋਣ ਜਲਸੇ ਕਰ ਕੇ ਵੋਟਰਾਂ ਤੋਂ ਵੋਟਾਂ ਮੰਗ ਰਹੇ ਹਨ, ਉੱਥੇ ਨਾਲ ਹੀ ਉਨ੍ਹਾਂ ਦੀ ਛੋਟੀ ਧੀ ਕੋਮਲ ਵੜਿੰਗ ਸ਼ਹਿਰ ਅੰਦਰ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਰੋਪੜ ਮੀਟਿੰਗਾਂ ਕਰਕੇ ਹੱਥ ਜੋੜ ਕੇ ਆਪਣੇ ਪਿਤਾ ਲਈ ਵੋਟਾਂ ਮੰਗ ਰਹੀ ਹੈ।

ਡੈਮੋਕ੍ਰੇਟਿਕ ਟੀਚਰ ਫਰੰਟ ਦਾ ਬਲਾਕ ਪੱਧਰੀ ਅਜਲਾਸ 8 ਨੂੰ

ਸਮਰਾਲਾ (ਸੁਰਜੀਤ ਸਿੰਘ)- ਡੈਮੋਕ੍ਰੇਟਿਕ ਟੀਚਰ ਫਰੰਟ ਬਲਾਕ ਸਮਰਾਲਾ ਤੇ ਮਾਂਗਟ-3 ਦੀ ਇੱਕ ਵਿਸ਼ੇਸ਼ ਮੀਟਿੰਗ ਡੈਮੋਕ੍ਰੇਟਿਕ ਟੀਚਰ ਫਰੰਟ ਲੁਧਿਆਣਾ ਦੇ ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਦੀ ਅਗਵਾਈ ਵਿੱਚ ਹੋਈ।ਮੀਟਿੰਗ ਵਿੱਚ ਅਧਿਆਪਕਾਂ ਦੀਆਂ ਮੰਗਾਂ, ਮਸਲਿਆਂ ਤੇ ਜਥੇਬੰਦਕ ਮਸਲਿਆਂ ਬਾਬਤ ਚਰਚਾ ਕੀਤੀ ਗਈ।ਲੋਕਤੰਤਰਿਕ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਜਥੇਬੰਦੀ ਦਾ ਬਲਾਕ ਪੱਧਰੀ ਅਜਲਾਸ 8 ਜੂਨ ਨੂੰ ਕਰਨ ਬਾਰੇ ਵਿਚਾਰ ਚਰਚਾ ਹੋਈ।ਇਹ ਤੈਅ ਕੀਤਾ ਗਿਆ ਕਿ ਬਲਾਕ ਸਮਰਾਲਾ ਤੇ ਬਲਾਕ ਮਾਂਗਟ-3 ਦਾ ਚੋਣ ਅਜਲਾਸ ਇੱਕ ਹੀ ਥਾਂ ਸਮਰਾਲਾ ਵਿਖੇ ਕੀਤਾ ਜਾਵੇਗਾ।ਮੀਟਿੰਗ ਵਿੱਚ ਰਜਿੰਦਰ ਜੰਡਿਆਲੀ, ਮਨਪ੍ਰੀਤ ਸਮਰਾਲਾ ਹਰਦੀਪ ਸਿੰਘ, ਰਾਜ ਕੁਮਾਰ, ਸੰਦੀਪ ਪਾਂਡੇ, ਭੁਪਿੰਦਰ ਸਿੰਘ, ਹਰਪ੍ਰੀਤ ਸਿੰਘ ਤੇ ਰਾਜਵਿੰਦਰ ਸਿੰਘ ਨੇ ਭਾਗ ਲਿਆ।ਅਜਲਾਸ ਦਾ ਸੁਨੇਹਾ ਬਲਾਕ ਦੇ ਇਕੱਲੇ ਇਕੱਲੇ ਅਧਿਆਪਕ ਕੋਲ ਲੈ ਕੇ ਜਾਣ ਦਾ ਪ੍ਰੋਗਰਾਮ ਤੈਅ ਕੀਤਾ ਗਿਆ ਤਾਂ ਜੋ ਅਜਲਾਸ ਵਿੱਚ ਭਰਪੂਰ ਸ਼ਮੂਲੀਅਤ ਕਰਵਾਈ ਜਾ ਸਕੇ।ਇਸ ਮੌਕੇ ਜਥੇਬੰਦੀ ਵੱਲੋਂ ਭਾਜਪਾ ਦੀ ਇਸ ਮੰਗ ਦੀ ਨਿਖੇਧੀ ਕੀਤੀ ਗਈ, ਜਿਸ ਵਿੱਚ ਭਾਜਪਾ ਵੱਲੋਂ ਵੋਟਾਂ ਦਾ ਸਮਾਂ ਵਧਾਉਣ ਦੀ ਮੰਗ ਕੀਤੀ ਗਈ ਸੀ।

ਇਲਾਕੇ ਦੀ ਸੁੱਖ-ਸ਼ਾਂਤੀ ਤੇ ਚੜ੍ਹਦੀ ਕਲਾ ਲਈ ਚੌਲਾਂ ਦਾ ਭੰਡਾਰਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਇਲਾਕੇ ਦੀ ਸੁੱਖ-ਸ਼ਾਂਤੀ ਤੇ ਚੜ੍ਹਦੀ ਕਲਾ ਲਈ ਡੇਰਾ ਬਾਬਾ ਬਹਾਲੀ ਰਾਮ ਜੀ ਵੱਲੋਂ ਹਰ ਸਾਲ ਵਾਂਗ ਇਸ ਵਾਰ ਵੀ ਨਗਰ ਵਾਸੀਆਂ ਦੇ ਸਹਿਯੋਗ ਨਾਲ ਮਿੱਠੇ ਚੌਲਾਂ ਦਾ ਭੰਡਾਰਾ ਕੀਤਾ ਗਿਆ। ਡੇਰੇ ਦੇ ਸੰਚਾਲਕ ਬਾਬਾ ਤੇਜ ਰਾਮ ਜੀ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸਵੇਰ ਤੋਂ ਸ਼ੁਰੂ ਭੰਡਾਰਾ ਸ਼ਾਮ ਤੱਕ ਚਲਦਾ ਰਿਹਾ। ਭੰਡਾਰੇ ਵਿੱਚ ਨਗਰ ਤੇ ਆਸ-ਪਾਸ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸੇਵਾਦਾਰਾਂ ਨੇ ਸ਼ਰਧਾ ਭਾਵਨਾ ਨਾਲ ਪੁੱਜੀਆਂ ਸੰਗਤਾਂ ਨੂੰ ਪੰਗਤ ਵਿੱਚ ਬਿਠਾ ਕੇ ਬਾਦਾਮ, ਕਾਜੂ ਤੇ ਦਾਖਾਂ ਨਾਲ ਬਣਾਏ ਮਿੱਠੇ ਚੌਲ ਵਰਤਾਏ ਅਤੇ ਠੰਢੇ ਮਿੱਠੇ ਜਲ ਜ਼ੀਰੇ ਦੀ ਛਬੀਲ ਵੀ ਲਗਾਈ।

ਅਸਿਸਟੈਂਟ ਪ੍ਰੋਫੈਸਰ ਪੰਕਜ ਨੇ ਸੀ ਟੀ ਓ ਟ੍ਰੇਨਿੰਗ ਕੈਂਪ 'ਚ ਲਿਆ ਹਿੱਸਾ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਮਾਨਯੋਗ ਚੇਅਰਮੈਨ ਸਵ. ਸ. ਇੰਦਰਜੀਤ ਸਿੰਘ ਖਾਲਸਾ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸ੍ਰ. ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਸ੍ਰੀ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਅਸਿਟੈਂਟ ਪ੍ਰੋਫੈਸਰ ਪੰਕਜ ਨੇ ਸੀ ਟੀ ਓ ਟ੍ਰੇਨਿੰਗ ਕੈਂਪ, ਜੋ ਕਿ ਸਾਲਾਨਾ ਐੱਨ ਸੀ ਸੀ ਕੈਂਪ-52 ਮਲੋਟ ਵਿਖੇ ਹੋਏ, 'ਚ ਹਿੱਸਾ ਲਿਆ।ਉਨ੍ਹਾਂ ਇਸ ਵਿੱਚ ਰਾਈਫਲ ਟ੍ਰੇਨਿੰਗ, ਡਰਿੱਲ ਪਰੇਡ, ਮੈਪ ਰੀਡਿੰਗ ਤੇ ਫੌਜ ਦੀ ਬਣਤਰ ਬਾਰੇ ਜਾਣਕਾਰੀ ਹਾਸਲ ਕੀਤੀ।ਇਹ ਕੈਂਪ ਲਗਾਤਾਰ 10 ਦਿਨ ਜਾਰੀ ਰਿਹਾ।ਇਸ ਤੋਂ ਇਲਾਵਾ ਇਸ ਵਿੱਚ ਐਮਰਜੈਂਸੀ ਕੇਸਾਂ ਤੇ ਕੁਦਰਤੀ ਆਫਤਾਂ ਵਿੱਚ ਨਿਪਟਣ ਦੀ ਜਾਣਕਾਰੀ ਹਾਸਲ ਕੀਤੀ।ਇਹ ਸਾਰਾ ਪ੍ਰੋਗਰਾਮ 13 ਪੰਜਾਬ ਐੱਨ ਸੀ ਸੀ ਬਟਾਲੀਅਨ ਫਿਰੋਜ਼ਪੁਰ ਵੱਲੋਂ ਚਲਾਇਆ ਗਿਆ। ਬਟਾਲੀਅਨ ਦੇ ਕਮਾਂਡਰ ਕਰਨਲ ਅਰਵਿੰਦਨ ਨੇ ਕਿਹਾ ਕਿ ਇਹ ਟੀਚਰ ਟ੍ਰੇਨਿੰਗ ਬਹੁਤ ਜ਼ਰੂਰੀ ਸੀ, ਜਿਸ ਨਾਲ ਟੀਚਰ ਐੱਨ ਸੀ ਸੀ ਕੈਡਿਟ ਦਾ ਬਹੁਪੱਖੀ ਵਿਕਾਸ ਕਰਨ ਦੇ ਯੋਗ ਹੋ ਜਾਣਗੇ।ਟ੍ਰੇਨਿੰਗ ਬਾਰੇ ਦੱਸਦੇ ਹੋਏ ਸੀ ਟੀ ਓ ਪੰਕਜ ਨੇ ਦੱਸਿਆ ਕਿ ਸਾਰੀ ਆਰਮੀ ਟੀਮ, ਜਿਸ ਵਿੱਚ ਐੱਸ ਐੱਮ ਅੰਗਰੇਜ਼ ਸਿੰਘ, ਸੁਖਚੈਨ ਸਿੰਘ, ਕਸ਼ਮੀਰ ਸਿੰਘ, ਬੀ ਐੱਚ ਐੱਮ ਅਵਤਾਰ ਸਿੰਘ, ਮੰਗਤ ਸਿੰਘ, ਅਮਰੀਕ ਸਿੰਘ, ਗਗਨਦੀਪ ਸਿੰਘ, ਬੇਅੰਤ ਸਿੰਘ, ਹਰਦੀਪ, ਹਰਪ੍ਰੀਤ, ਏ ਐੱਨ ਓ ਹਰਮਨਜੀਤ ਸਿੰਘ ਤੇ ਸ਼ੂਟਰ ਮਨਪ੍ਰੀਤ ਕੌਰ ਸਾਰੀ ਟੀਮ ਨੇ ਬਹੁਤ ਹੀ ਮਿਹਨਤ ਨਾਲ ਸਾਰੀ ਟ੍ਰੇਨਿੰਗ ਕਰਵਾਈ।ਅੰਤ ਵਿੱਚ ਪ੍ਰਿੰਸੀਪਲ ਸ੍ਰੀ ਪੰਕਜ ਕੁਮਾਰ ਗਰਗ ਨੇ ਇਹ ਟ੍ਰੇਨਿੰਗ ਕਰਵਾਉਣ ਲਈ ਬਟਾਲੀਅਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਕਾਲਜ ਐੱਨ ਸੀ ਸੀ ਦੀ ਤਰੱਕੀ ਲਈ ਹਰ ਸਹੂਲਤ ਮੁਹੱਈਆ ਕਰਵਾਉਂਦਾ ਰਹੇਗਾ।ਇੰਚਾਰਜ ਅਕੈਡਮਿਕ ਡਾ. ਨਵਜੋਤ ਕੌਰ ਨੇ ਸੀਟੀਓ ਪੰਕਜ ਨੂੰ ਕਾਲਜ ਪਹੁੰਚਣ 'ਤੇ ਵਧਾਈ ਦਿੱਤੀ।

ਪੂਰਨਮਾਸ਼ੀ ਦੇ ਸਮਾਗਮ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਮਨਾਏ



ਮਲੋਟ (ਗੁਰਮੀਤ ਸਿੰਘ ਮੱਕੜ)-ਪਿੰਡ ਦਾਨੇਵਾਲਾ ਦੇ ਗੁਰਦੁਆਰਾ ਚਰਨ ਕਮਲ ਭੋਰਾ ਸਾਹਿਬ ਵਿਖੇ ਜੇਠ ਮਹੀਨੇ ਦੀ ਪੂਰਨਮਾਸ਼ੀ ਦੇ ਮਹੀਨਾਵਾਰ ਧਾਰਮਿਕ ਸਮਾਗਮ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਮਨਾਏ ਗਏ। ਇਸ ਮੌਕੇ ਪਹਿਲਾਂ ਸਵੇਰੇ ਸਮੂੱਚੀ ਸੰਗਤ ਵੱਲੋਂ ਰਖਵਾਏ ਸ਼੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਉੱਘੇ ਕਥਾ ਵਾਚਕ ਭਾਈ ਸੁਖਵਿੰਦਰ ਸਿੰਘ ਜੀ ਦਮਦਮੀ ਟਕਸਾਲ ਸ਼੍ਰੀ ਮੁਕਤਸਰ ਸਾਹਿਬ ਵਾਲਿਆਂ ਵੱਲੋਂ ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਜੀਵਨ ਬਾਰੇ ਕਥਾ ਵਿਚਾਰਾਂ ਰਾਹੀਂ ਵਿਸਥਾਰ ਨਾਲ ਦੱਸਿਆ ਗਿਆ। ਉਪਰੰਤ ਬਾਬਾ ਪਰਮਪਾਲ ਸਿੰਘ ਜੀ ਪੱਕੀ ਟਿੱਬੀ ਵਾਲਿਆਂ ਵੱਲੋਂ ਦੀਵਾਨ ਸਜਾਏ ਗਏ। ਸੰਗਤ ਨੂੰ ਸੰਬੋਧਨ ਕਰਦਿਆਂ ਗੁਰੂਘਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਜੀਤ ਸਿੰਘ ਨੇ ਦੱਸਿਆ ਕਿ ਗੁਰੂ ਅਮਰਦਾਸ ਜੀ ਉਹ ਮਹਾਨ ਸ਼ਖਸੀਅਤ ਹਨ, ਜਿਨ੍ਹਾਂ ਨੇ ਵਡੇਰੀ ਉਮਰ ਦੀ ਪ੍ਰਵਾਹ ਕੀਤੇ ਬਿਨਾਂ 11 ਸਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਤੇ ਆਪਣੀ ਸੇਵਾ ਭਗਤੀ ਅਤੇ ਘਾਲਣਾ ਸਦਕਾ ਸਿੱਖਾਂ ਦੇ ਤੀਜੇ ਗੁਰੂ ਦੇ ਰੂਪ 'ਚ ਗੁਰਗੱਦੀ 'ਤੇ ਬਿਰਾਜਮਾਨ ਹੋਏ। ਬਾਬਾ ਬਲਜੀਤ ਸਿੰਘ ਨੇ ਸੰਗਤ ਨੂੰ 1 ਸਤੰਬਰ ਪਹਿਲੇ ਪ੍ਰਕਾਸ਼ ਪੁਰਬ ਤੱਕ 100 ਘੰਟੇ ਗੁਰਬਾਣੀ ਸਿਮਰਨ ਦੇ ਜਾਪ ਕਰਨ ਲਈ ਬੇਨਤੀ ਕੀਤੀ ਗਈ ਅਤੇ ਪਹਿਲੇ ਪ੍ਰਕਾਸ਼ ਪੁਰਬ ਦੇ ਸਮਾਗਮ ਮੌਕੇ ਸੰਗਤ ਦੇ ਇਸ ਮਹਾਂ ਗੁਰਬਾਣੀ ਜਾਪ ਦੀ ਅਰਦਾਸ ਸਰਬੱਤ ਦੇ ਭਲੇ ਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਕੀਤੀ ਜਾਵੇਗੀ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਡਾ. ਬਲਜੀਤ ਕੌਰ ਨੇ ਵੀ ਸ਼ਿਰਕਤ ਕਰਦਿਆਂ ਸੰਗਤ ਨੂੰ ਤੀਜੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਸਮਾਗਮ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਮੂਹ ਪ੍ਰਬੰਧਕ ਕਮੇਟੀ ਸਮੇਤ ਵੱਡੀ ਗਿਣਤੀ ਸੰਗਤ ਹਾਜ਼ਰ ਸੀ।

ਸੀਮਾ ਸੁਰੱਖਿਆ ਬਲ ਦਾ ਗਰੀਬ ਲੋਕਾਂ ਲਈ ਅਹਿਮ ਉਪਰਾਲਾ



ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਫਰੀਦਕੋਟ ਵਿਖੇ ਸੀਮਾ ਸੁਰੱਖਿਆ ਬਲ, ਫਰੀਦਕੋਟ ਦੇ ਕੈਂਪਸ ਵਿਖੇ ਬ੍ਰਿਗੇਡੀਅਰ ਸ੍ਰੀ ਜੀ. ਐੱਸ. ਚੀਮਾ, ਡਿਪਟੀ ਇੰਸਪੈਕਟਰ ਜਨਰਲ/ਕਮਾਂਡਰ ਆਰਟਿਲਰੀ ਹੈੱਡਕੁਆਰਟਰ ਤੇ ਸ੍ਰੀ ਦਿਵਾਕਰ ਕੁਮਾਰ ਕਮਾਂਡੈਂਟ 1044 ਆਰਟਿਲਰੀ ਦੀ ਅਗਵਾਈ ਹੇਠ ਖੂਨਦਾਨ ਕੈਂਪ ਤੇ ਰੈਜੀਮੈਂਟ ਲੋੜਵੰਦ ਪਰਵਾਰਾਂ ਲਈ ਦਾਨ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ ਰਾਸ਼ਨ, ਕਿਤਾਬਾਂ, ਭਾਂਡੇ, ਕੱਪੜੇ ਤੇ ਹੋਰ ਸਮੱਗਰੀ ਇਕੱਠੀ ਕੀਤੀ ਗਈ।ਇਸ ਖੂਨਦਾਨ ਕੈਂਪ ਵਿੱਚ ਸ੍ਰੀ ਅਮਿਤ ਤਿਵਾਤੀਆ, ਡਿਪਟੀ ਕਮਾਂਡੈਂਟ ਤੇ ਇੰਸਪੈਕਟਰ ਨਵਜੋਤ ਸਿੰਘ ਅਤੇ ਫੋਰਸ ਦੇ ਹੋਰ ਕਰਮਚਾਰੀ ਮੌਜੂਦ ਸਨ।ਇਕੱਤਰ ਕੀਤਾ ਦਾਨ 22 ਮਈ 2024 ਨੂੰ ਕੈਂਪਸ ਦੇ ਬਾਹਰ ਰਹਿ ਰਹੇ ਗਰੀਬਾਂ ਵਿੱਚ ਵੰਡਿਆ ਗਿਆ।ਇਨ੍ਹਾਂ ਵਸਤੂਆਂ ਨੂੰ ਪ੍ਰਾਪਤ ਕਰਨ ਵਾਲੇ ਬੇਹੱਦ ਖੁਸ਼ ਸਨ ਤੇ ਉਨ੍ਹਾਂ ਦਾ ਸੀਮਾ ਸੁਰੱਖਿਆ ਬਲ 'ਤੇ ਭਰੋਸਾ ਹੋਰ ਮਜ਼ਬੂਤ ?ਹੋਇਆ ਹੈ।ਸੀਮਾ ਸੁਰੱਖਿਆ ਬਲ ਹਰ ਸੰਭਵ ਤਰੀਕੇ ਨਾਲ ਆਲੇ-ਦੁਆਲੇ ਦੇ ਲੋਕਾਂ ਦੀ ਮਦਦ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਹੈ।

ਸ੍ਰੀ ਦਸਮੇਸ਼ ਪਬਲਿਕ ਸਕੂਲ ਦੇ ਬੱਚਿਆਂ ਨੇ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ

ਤਲਵੰਡੀ ਸਾਬੋ (ਜਗਦੀਪ ਗਿੱਲ)-ਸ੍ਰੀ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਗਿਆਰ੍ਹਵੀਂ ਤੇ 12ਵੀਂ ਕਲਾਸ ਦੇ ਬੱਚਿਆਂ ਸਮੇਤ ਉਨ੍ਹਾਂ ਦੇ ਮਾਪਿਆਂ ਨੂੰ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਨੂੰ ਲੰਘੇ ਦਿਨੀਂ ਖੁਸ਼ੀ ਦੀ ਖਬਰ ਮਿਲੀ ਹੈ ਅਤੇ ਤਾਜ਼ਾ ਫ਼ੈਸਲੇ ਅਨੁਸਾਰ ਅਗਲੇ ਸੈਸ਼ਨ ਲਈ ਉਥੇ ਹੁਣ ਗਿਆਰਵੀਂ ਤੇ ਬਾਰ੍ਹਵੀਂ ਕਲਾਸਾਂ ਦੇ ਦਾਖਲਿਆਂ ਦਾ ਰਾਹ ਖੁੱਲ੍ਹ ਗਿਆ ਹੈ।ਪ੍ਰਿੰਸੀਪਲ ਮੈਡਮ ਸਾਨੀਆ ਕਾਮਰਾ ਨੇ ਜਿੱਥੇ ਸਕੂਲ ਪ੍ਰਬੰਧਕ ਕਮੇਟੀ ਤੇ ਸਹਿਯੋਗ ਦੇਣ ਵਾਲੇ ਤਮਾਮ ਲੋਕਾਂ ਦਾ ਧੰਨਵਾਦ ਕੀਤਾ ਹੈ, ਉੱਥੇ ਦਸਵੀਂ ਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਵਿੱਚ ਉਚੇ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਹੈ।ਉਨ੍ਹਾਂ ਦੱਸਿਆ ਕਿ ਸੀ.ਬੀ.ਐਸ.ਈ ਬੋਰਡ ਵੱਲੋਂ ਐਲਾਨੇ ਗਏ ਨਤੀਜੇ ਅਨੁਸਾਰ ਸ੍ਰੀ ਦਸਮੇਸ਼ ਪਬਲਿਕ ਸਕੂਲ ਦੇ ਬੱਚਿਆਂ ਨੇ ਉੱਘੀਆਂ ਪ੍ਰਾਪਤੀਆਂ ਕੀਤੀਆਂ ਤੇ ਨਤੀਜਾ ਸੌ ਫ਼ੀਸਦੀ ਰਿਹਾ ਹੈ, ਜਿਸ ਵਿੱਚ ਦਸਵੀਂ ਦੇ ਵਿਦਿਆਰਥੀਆਂ ਇਸ਼ਾਂਤ ਗਰਗ ਨੇ 95% ਨੰਬਰ ਪ੍ਰਾਪਤ ਕਰਕੇ ਪਹਿਲਾ ਸਥਾਨ, ਅਰਮਾਨਦੀਪ ਸਿੰਘ ਨੇ 93% ਨੰਬਰ ਲੈ ਕੇ ਦੂਜਾ ਸਥਾਨ ਅਤੇ ਗੁਰਲੀਨ ਕੌਰ ਨੇ 85% ਨੰਬਰ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ।ਇਸੇ ਤਰ੍ਹਾਂ ਬਾਰਵੀਂ ਜਮਾਤ ਦੀ ਆਰਟਸ ਗਰੁੱਪ ਦੀ ਵਿਦਿਆਰਥਣ ਹਰਮਨ ਪ੍ਰੀਤ ਕੌਰ ਨੇ 94 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਕਾਮਰਸ ਗਰੁੱਪ ਦੀ ਵਿਦਿਆਰਥਣ ਲਵਦੀਪ ਕੌਰ ਨੇ 94% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਤੇ ਸਾਇੰਸ ਗਰੁੱਪ ਵਿੱਚੋਂ ਪ੍ਰਿੰਸ ਸਿੰਘ ਢਿੱਲੋਂ ਨੇ 91 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਹੈ।

ਹਨੀ ਫੱਤਣਵਾਲਾ ਨੇ ਡੋਰ ਟੂ ਡੋਰ ਕਰਕੇ ਚੋਣ ਮੁਹਿੰਮ ਭਖਾਈ

ਸ਼੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੇ ਹੱਕ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਵੱਲੋਂ ਵਾਰਡ ਨੰਬਰ 3 ਵਿੱਚ ਡੋਰ ਟੂ ਡੋਰ ਜਾ ਕੇ ਅਕਾਲੀ ਉਮੀਦਵਾਰ ਦੇ ਹੱਕ ਵਿੱਚ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਦੀ ਅਪੀਲ ਕੀਤੀ ਗਈ।ਹਨੀ ਫੱਤਣਵਾਲਾ ਵਲੋਂ ਤਿਲਕ ਨਗਰ ਦੀਆਂ ਸਾਰੀਆਂ ਗਲੀਆਂ ਵਿੱਚ ਜਾ ਕੇ ਚੋਣ ਪ੍ਰਚਾਰ ਕੀਤਾ ਗਿਆ।ਹਨੀ ਫੱਤਣਵਾਲਾ ਨੇ ਅਕਾਲੀ ਸਰਕਾਰ ਵੇਲੇ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਰੱਖਿਆ ਤੇ ਵੋਟ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਪਵਨ ਕੁਮਾਰ, ਮਨਜਿੰਦਰ ਸਿੰਘ ਬੱਗੀ, ਅਕਸ਼ੈ ਕੁਮਾਰ, ਉਦਮੀ ਕੁਮਾਰ, ਸੁਨੀਲ ਕੁਮਾਰ, ਅਰਸ਼ਿਤ ਵਧਵਾ, ਗੁਰਬਾਜ਼ ਸਿੰਘ ਮਾਨ, ਕਰਮ ਚੰਦ ਤੇ ਅਰੁਣ ਕੁਮਾਰ ਆਦਿ ਹਾਜ਼ਰ ਸਨ।

ਜੱਸੋਵਾਲ 'ਚ ਲੱਖ ਦਾਤਾ ਲਾਲਾਂ ਵਾਲੀ ਸਰਕਾਰ ਦਾ ਮੇਲਾ ਕਰਵਾਇਆ

■ ਗਾਇਕ ਬਲਬੀਰ ਬੱਬੀ, ਦਲਜੀਤ ਧਲੇਰੀਆ ਤੇ ਹਰਦੀਪ ਬੱਬੂ ਨੇ ਰੰਗ ਬੰਨ੍ਹਿਆ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਇੱਥੋਂ ਨੇੜਲੇ ਪਿੰਡ ਜੱਸੋਵਾਲ ਵਿਖੇ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਖੀ ਸਰਵਰ ਪੀਰ ਲੱਖ ਦਾਤਾ ਲਾਲਾਂ ਵਾਲੀ ਸਰਕਾਰ ਦਾ ਸਾਲਾਨਾ ਮੇਲਾ ਤੇ ਭੰਡਾਰਾ ਬਾਬਾ ਭਜ

25-MAY-PAGE-3.qxd 5/24/2024 10:44 PM Page 1

ਮੋਦੀ ਦੀ ਆਮਦ ਨੂੰ ਲੈ ਕੇ ਕਿਸਾਨ ਆਗੂਆਂ ਦੀ ਫੜੋ-ਫੜਾਈ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) - ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਦੇ ਹੱਕ 'ਚ ਦੀਨਾਨਗਰ ਵਿਖੇ ਸ਼ੁਕਰਵਾਰ ਹੋ ਰਹੀ ਚੋਣ ਰੈਲੀ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਮਦ ਨੂੰ ਲੈ ਕੇ ਪੁਲਸ ਪ੍ਰਸ਼ਾਸਨ ਵਲੋਂ ਕਿਸਾਨੀ ਵਿਰੋਧ ਦੀ ਸੰਭਾਵਨਾ ਕਾਰਨ ਅੱਜ ਸਵੇਰੇ ਹੀ ਕਿਸਾਨ ਆਗੂਆਂ ਦੀ ਫੜੋ ਫੜਾਈ ਸ਼ੁਰੂ ਕਰ ਦਿੱਤੀ। ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ੁੱਕਰਵਾਰ ਲੋਕ ਸਭਾ ਹਲਕਾ ਗੁਰਦਾਸਪੁਰ ਵਿੱਚ ਦੀਨਾਨਗਰ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰਨ ਪਹੁੰਚ ਰਹੇ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨੂੰ ਸਵਾਲ ਪੁੱਛਣ ਲਈ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਭਾਰਤ ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵੱਲੋਂ ਲਏ ਗਏ ਫੈਸਲੇ ਅਨੁਸਾਰ ਵੱਡੀ ਗਿਣਤੀ ਵਿੱਚ ਕਿਸਾਨ ਮੋਦੀ ਨੂੰ ਸਵਾਲ ਪੁੱਛਣ ਜਾਣ ਦੀ ਤਿਆਰੀ ਵਿੱਚ ਹਨ। ਪਰ ਪ੍ਰਸ਼ਾਸਨ ਵਲੋਂ ਪੂਰਾ ਜ਼ੋਰ ਲਗਾਇਆ ਜਾ ਰਿਹਾ ਹੈ ਕਿ ਇਹ ਕਿਸਾਨ ਆਗੂ ਰੈਲੀ ਵਾਲੀ ਜਗ੍ਹਾ 'ਤੇ ਨਾ ਪਹੁੰਚ ਸਕਣ। ਸ਼ੁੱਕਰਵਾਰ ਨੂੰ ਸਵੇਰੇ ਕਰੀਬ 6 ਵਜੇ ਪੰਜਾਬ ਪੁਲਸ ਦੇ ਅਧਿਕਾਰੀ ਪੁਲਸ ਪਾਰਟੀ ਸਮੇਤ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਨੂੰ ਗ੍ਰਿਫਤਾਰ ਕਰਨ ਲਈ ਇਥੋਂ ਨਜ਼ਦੀਕ ਪੈਂਦੇ ਉਨ੍ਹਾਂ ਦੇ ਘਰ ਪਿੰਡ ਭੋਜਰਾਜ ਵਿਖੇ ਪਹੁੰਚੇ ਪਰ ਪੁਲਸ ਨੂੰ ਖਾਲੀ ਹੱਥ ਵਾਪਸ ਮੁੜਨਾ ਪਿਆ। ਕਿਉਂਕਿ ਕਿਸਾਨ ਆਗੂਆਂ ਨੂੰ ਪਹਿਲਾਂ ਹੀ ਪਤਾ ਸੀ ਕਿ ਪ੍ਰਸ਼ਾਸਨ ਅਜਿਹਾ ਕੁਝ ਕਰੇਗਾ। ਇਸ ਸਬੰਧੀ ਭੋਜਰਾਜ ਨੇ ਦੱਸਿਆ ਕਿ ਉਹ ਆਪਣੇ ਉਲੀਕੇ ਹੋਏ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਪੁਲਸ ਦੇ ਪਹੁੰਚਣ ਤੋਂ ਪਹਿਲਾਂ ਹੀ ਘਰੋਂ ਜਾ ਚੁੱਕੇ ਸਨ। ਭੋਜਰਾਜ ਨੇ ਇਹ ਵੀ ਦੱਸਿਆ ਕਿ ਪੁਲਸ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾਈ ਆਗੂ ਹਰਵਿੰਦਰ ਸਿੰਘ ਮਸਾਣੀਆਂ ਨੂੰ ਗ੍ਰਿਫਤਾਰ ਕਰਨ ਲਈ ਉਸ ਦੇ ਘਰ ਵੀ ਪਹੁੰਚੇ ਪਰ ਉਹ ਘਰ ਵਿੱਚ ਨਾ ਹੋਣ ਕਾਰਨ ਪੁਲਸ ਨੂੰ ਬੇਰੰਗ ਖਾਲੀ ਹੱਥ ਮੁੜਨਾ ਪਿਆ। ਪ੍ਰਧਾਨ ਭੋਜਰਾਜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਨਾਲ ਵਾਅਦੇ ਕਰਕੇ ਮੁੱਕਰ ਗਏ। ਜਦੋਂ ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਵਾਸਤੇ ਫਰਵਰੀ ਮਹੀਨੇ ਦਿੱਲੀ ਵੱਲ ਨੂੰ ਚੱਲੀਆਂ ਤਾਂ ਹਰਿਆਣੇ ਦੀ ਬੀ ਜੇ ਪੀ ਸਰਕਾਰ ਨੇ ਕਿਸਾਨਾਂ ਉੱਤੇ ਅੰਨ੍ਹਾ ਤਸ਼ੱਦਦ ਕਰਕੇ ਸੈਂਕੜੇ ਕਿਸਾਨਾਂ ਨੂੰ ਜ਼ਖਮੀ ਕਕਰ ਦਿੱਤਾ। ਨੌਜਵਾਨ ਕਿਸਾਨ ਸ਼ੁੱਭਕਰਨ ਸਿੰਘ ਨੂੰ ਸ਼ਹੀਦ ਕੀਤਾ, ਕਿਸਾਨ ਪ੍ਰਿਤਪਾਲ ਸਿੰਘ ਦੀਆਂ ਲੱਤਾਂ ਬਾਹਾਂ ਤੋੜ ਕੇ ਨਕਾਰਾ ਕਰ ਦਿੱਤਾ ਅਤੇ ਤਸ਼ੱਦਦ ਕਰਕੇ ਕਈ ਕਿਸਾਨਾਂ ਦੀਆਂ ਅੱਖਾਂ ਦੀ ਰੋਸ਼ਨੀ ਖਤਮ ਕਰ ਦਿੱਤੀ। ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਅਤੇ ਕਿਸਾਨ ਮਜ਼ਦੂਰ ਮੋਰਚੇ ਦੇ ਸਾਂਝੇ ਫੋਰਮਾਂ ਵੱਲੋਂ ਲਏ ਗਏ ਫੈਸਲੇ ਅਨੁਸਾਰ ਪ੍ਰਧਾਨ ਮੰਤਰੀ ਨੂੰ ਸ਼ਾਂਤਮਈ ਢੰਗ ਨਾਲ ਸੁਆਲ ਪੁੱਛੇ ਜਾਣਗੇ ਅਤੇ ਜੇਕਰ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਰੋਕਿਆ ਤਾਂ ਰੋਸ ਵਜੋਂ ਪ੍ਰਧਾਨ ਮੰਤਰੀ ਨੂੰ ਸ਼ਾਂਤਮਈ ਢੰਗ ਨਾਲ ਜ਼ਾਬਤੇ ਵਿੱਚ ਰਹਿ ਕੇ ਕਾਲੀਆਂ ਝੰਡੀਆਂ ਵਿਖਾਈਆਂ ਜਾਣਗੀਆਂ। ਇਸ ਸਬੰਧੀ ਜਦੋਂ ਸਬੰਧਤ ਥਾਣਾ ਘੁੰਮਣ ਕਲਾਂ ਦੇ ਐਸ ਐਚ ਓ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿਹਾ ਅਜਿਹੀ ਕੋਈ ਗੱਲ ਨਹੀਂ, ਉਹ ਰੁਟੀਨ ਵਿੱਚ ਹੀ ਪਿੰਡ ਭੋਜਰਾਜ 'ਚ ਫੇਰਾ ਮਾਰਨ ਗਏ ਸਨ।

ਹਵਾਲਾਤੀਆਂ ਦੇ ਹਾਲਾਤ ਜਾਣਨ ਲਈ ਜ਼ਿਲ੍ਹਾ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ ਦਾ ਦੌਰਾ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਜੇਲ੍ਹ 'ਚ ਹਵਾਲਾਤੀਆਂ ਦੀਆਂ ਟਾਇਲਟਾਂ ਦੀ ਸਾਫ-ਸਫਾਈ, ਬੈਰਕਾਂ ਦੀ ਸਵੱਛਤਾ ਅਤੇ ਖਾਣ ਪੀਣ ਦੀਆਂ ਵਸਤਾਂ ਦੀ ਜਾਂਚ ਅਤੇ ਗੁਣਵੱਤਾ ਦੇ ਨਿਰੀਖਣ ਵਾਸਤੇ ਅਮਰਿੰਦਰ ਸਿੰਘ ਗਰੇਵਾਲ ਵੱਲੋਂ ਅੱਜ ਕੇਂਦਰੀ ਜੇਲ੍ਹ, ਅੰਮ੍ਰਿਤਸਰ ਦਾ ਦੌਰਾ ਅਤੇ ਨਿਰੀਖਣ ਕੀਤਾ ਗਿਆ।ਇਸ ਮੌਕੇ ਰਛਪਾਲ ਸਿੰਘ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਰਿਦਰ ਸਿੰਘ, ਵਧੀਕ ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਅਤੇ ਮਿਸ ਸੁਪਰੀਤ ਕੌਰ, ਜੱਜ ਸਾਹਿਬਾਨ ਵੀ ਉਨ੍ਹਾ ਦੇ ਨਾਲ ਸਨ।ਇਸ ਸਮੇਂ ਜੇਲ੍ਹ ਸੁਪਰਡੈਂਟ ਅਨੁਰਾਗ ਕੁਮਾਰ ਅਜ਼ਾਦ ਆਪਣੇ ਹੋਰਨਾਂ ਅਫਸਰਾਂ ਨਾਲ ਮੌਕੇ 'ਤੇ ਮੌਜੂਦ ਸਨ। ਜੱਜ ਸਾਹਿਬ ਵੱਲੋਂ ਬੈਰਕਾਂ ਦਾ ਨਿਰੀਖਣ ਕੀਤਾ ਗਿਆ ਅਤੇ ਬੈਰਕਾਂ ਅੰਦਰ ਅਤੇ ਬਾਹਰ ਬਣੀਆਂ ਟਾਇਲਟਾਂ ਅਤੇ ਹਵਾਲਾਤੀਆਂ ਦੇ ਰਹਿਣ-ਸਹਿਣ ਦੀ ਜਗ੍ਹਾ ਦਾ ਨਿਰੀਖਣ ਕੀਤਾ ਗਿਆ। ਜਿਸ ਵਿੱਚ ਟਾਇਲਟਾਂ ਦੀ ਹਾਲਤ ਬਹੁਤ ਖਰਾਬ ਸੀ ਅਤੇ ਇਨ੍ਹਾਂ ਦਾ ਸਾਇਜ਼ ਵੀ ਬਹੁਤ ਛੋਟਾ ਸੀ ਜੋ ਕਿ 20-30 ਹਵਾਲਾਤੀਆਂ ਵਾਸਤੇ ਕਾਫੀ ਨਹੀਂ ਹਨ। ਇਨ੍ਹਾਂ ਵਿੱਚ ਕਈਆਂ ਦੀ ਮੁਰੰਮਤ ਅਤੇ ਕਈ ਥਾਵਾਂ 'ਤੇ ਨਵੀਆਂ ਟਾਇਲਟਾਂ ਬਣਾਉਣ ਦੀ ਲੋੜ ਹੈ।ਜੇਲ੍ਹ ਸੁਪਰਡੈਂਟ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਜੇਲ੍ਹ ਵਿੱਚ 50 ਬੈਰਕਾਂ ਹਨ ਜਿਸ 'ਤੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਵੱਲੋਂ ਹਦਾਇਤ ਕੀਤੀ ਗਈ ਕਿ 50 ਬੈਰਕਾਂ ਅਤੇ ਰਹਿਣ ਵਾਲੇ ਸਥਾਨਾਂ, ਟਾਇਲਟਾਂ ਆਦਿ ਦੀ ਮੁਰੰਮਤ ਜਲਦ ਤੋਂ ਜਲਦ ਕਰਵਾਈ ਜਾਵੇ ਅਤੇ ਇਨ੍ਹਾ ਦੀ ਸਵੱਛਤਾ ਦੀ ਰਿਪੋਰਟ ਹਰ 15 ਦਿਨਾਂ ਬਾਅਦ ਜ਼ਿਲ੍ਹਾ ਕਾਨੂੰਨੀ ਸੇਵਾਵਾਂ, ਅੰਮ੍ਰਿਤਸਰ ਦੇ ਦਫਤਰ ਭੇਜੀ ਜਾਵੇ ਤਾਂ ਜੋ ਸਮੇਂ-ਸਮੇਂ 'ਤੇ ਹੋਰ ਸੁਧਾਰ ਲਿਆਉਣ ਬਾਬਤ ਦੌਰੇ ਕੀਤੇ ਜਾਣ। ਜੱਜ ਸਾਹਿਬਾਨ ਵੱਲੋਂ ਹਵਾਲਾਤੀਆਂ ਅਤੇ ਕੈਦੀਆਂ ਨੂੰ ਦਿੱਤੇ ਜਾਣ ਵਾਲੇ ਖਾਣੇ ਦੀ ਗੁਣਵੱਤਾ ਦੀ ਵੀ ਜਾਂਚ ਕੀਤੀ ਗਈ। ਇਸ ਤੋਂ ਬਾਅਦ ਜੱਜ ਸਾਹਿਬਾਨ ਨੇ ਜੇਲ੍ਹ 'ਚ ਬੰਦ ਹਵਾਲਾਤੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਮੌਕੇ 'ਤੇ ਹੀ ਮੁਸ਼ਕਲਾਂ ਦੇ ਹੱਲ ਸਬੰਧੀ ਜੇਲ੍ਹ ਅਫਸਰਾਂ ਨੂੰ ਹਦਾਇਤਾਂ ਕੀਤੀਆਂ। ਇਸ ਦੌਰਾਨ ਜੱਜ ਸਾਹਿਬ ਵੱਲੋਂ ਹਵਾਲਾਤੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਮਹੱਤਵ ਤੋਂ ਜਾਣੂ ਕਰਵਾਉਣ ਲਈ ਸੰਦੇਸ਼ ਵੀ ਦਿੱਤਾ ਗਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਔਰਤਾਂ, ਬੱਚਿਆਂ, ਹਵਾਲਾਤੀਆਂ, ਕੈਦੀਆਂ ਅਤੇ ਹਰੇਕ ਉਹ ਵਿਅਕਤੀ ਜਿਸ ਦੀ ਸਲਾਨਾ ਆਮਦਨ 3 ਲੱਖ ਤੋਂ ਘੱਟ ਹੋਵੇ, ਨੂੰ ਮੁਫਤ ਕਾਨੂੰਨੀ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਵੇਂ ਅਦਾਲਤਾਂ ਵਿੱਚ ਵਕੀਲ ਦੀਆਂ ਮੁਫਤ ਸੇਵਾਵਾਂ, ਕਾਨੂੰਨੀ ਸਲਾਹ ਮਸ਼ਵਰਾ, ਅਦਾਲਤੀ ਖਰਚੇ ਦੀ ਅਦਾਇਗੀ ਆਦਿ। ਉਕਤ ਸੇਵਾਵਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਵੱਲੋਂ ਮੁਫਤ ਪ੍ਰਦਾਨ ਕੀਤੀਆਂ ਜਾਦੀਆਂ ਹਨ।ਇਸ ਤੋਂ ਬਾਅਦ ਜੱਜ ਸਾਹਿਬ ਵੱਲੋਂ ਬਿਮਾਰ ਹਵਾਲਾਤੀਆਂ ਅਤੇ ਕੈਦੀਆਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਪੇਸ਼ ਮੁਸ਼ਕਲਾਂ ਸੁਣੀਆਂ ਗਈਆਂ। ਜੇਲ੍ਹ ਸੁਪਰਡੈਂਟ ਵੱਲੋਂ ਜੱਜ ਸਾਹਿਬ ਨੂੰ ਜਾਣੂ ਕਰਵਾਇਆ ਗਿਆ ਕਿ ਇਸ ਸਮੇਂ ਜੇਲ੍ਹ ਵਿੱਚ ਡਾਕਟਰਾਂ ਅਤੇ ਹੋਰ ਸਿਹਤ ਸੇਵਾਵਾਂ ਸੰਬੰਧੀ ਅਮਲੇ ਦੀ ਘਾਟ ਹੈ। ਜੱਜ ਸਾਹਿਬ ਵੱਲੋਂ ਜੇਲ੍ਹ ਅਫਸਰਾਂ ਨੂੰ ਸਿਹਤ ਸੇਵਾਵਾਂ ਵਿੱਚ ਸੁਧਾਰ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਦੇ ਨਾਲ ਹੀ ਉਹ ਹਵਾਲਾਤੀ ਜੋ ਕਿ ਛੋਟੇ ਕੇਸਾਂ ਵਿੱਚ ਜੇਲ੍ਹ ਅੰਦਰ ਬੰਦ ਹਨ ਅਤੇ ਉਨ੍ਹਾਂ ਦੇ ਕੇਸ ਕਾਫੀ ਸਮੇਂ ਤੋਂ ਅਦਾਲਤਾਂ ਵਿੱਚ ਲੰਬਿਤ ਪਏ ਹਨ, ਉਨ੍ਹਾਂ ਨੂੰ ਆਪਣੇ ਕੇਸ ਕੈਂਪ ਕੋਰਟ ਵਿੱਚ ਸੁਣਵਾਈ ਲਈ ਰਖਵਾਉਣ ਲਈ ਜਾਗਰੂਕ ਕੀਤਾ ਅਤੇ ਆਪਣੀ ਜੁਰਮ ਨੂੰ ਕਬੂਲ ਕਰਨ ਲਈ ਉਤਸ਼ਾਹਤ ਕੀਤਾ ਗਿਆ ਤਾਂ ਜੋ ਉਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਜਲਦ ਤੋਂ ਜਲਦ ਹੋ ਸਕੇ।

ਲੋਕਾਂ 'ਚ ਆਰਥਕ ਸਮਾਨਤਾ ਲਿਆਉਣ ਦਾ ਯਤਨ ਕਰੇਗਾ : ਗੁਰਦਿਆਲ ਸਿੰਘ : ਰਾਜਿੰਦਰਪਾਲ ਕੌਰ, ਦਵਿੰਦਰ ਸੋਹਲ

ਝਬਾਲ (ਹਰਜਿੰਦਰ ਸਿੰਘ) ਲੋਕ ਸਭਾ ਚੋਣਾਂ ਦੇ ਮੱਦੇ ਨਜ਼ਰ ਪੰਜਾਬ ਇਸਤਰੀ ਸਭਾਂ ਦੀ ਜਨਰਲ ਸਕੱਤਰ ਰਜਿੰਦਰ ਪਾਲ ਕੌਰ ਅਤੇ ਸੀ ਪੀ ਆਈ ਤਰਨ ਤਾਰਨ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਹਲਕਾ ਖਡੂਰ ਸਾਹਿਬ ਦੇ ਪਿੰਡ ਗੰਡੀਵਿੰਡ ਵਿਖੇ ਘਰ ਘਰ ਜਾਂ ਕੇ ਚੋਣ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਅਪੀਲਾਂ ਵੰਡੀਆਂ।ਉਨ੍ਹਾਂ ਨੇ ਲੋਕਾਂ ਨੂੰ ਦੱਸਿਆ ਕਿ ਜੇਕਰ ਕਾਮਰੇਡ ਗੁਰਦਿਆਲ ਸਿੰਘ ਜਿੱਤ ਜਾਂਦੇ ਹਨ ਤਾਂ ਉਹ ਲੋਕ ਸਭਾਂ ਵਿੱਚ ਜਾਂ ਕੇ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਨਗੇ। ਉਹ ਮੁਫਤ ਵਿਦਿਆ, ਰੁਜ਼ਗਾਰ, ਸਿਹਤ ਸਹੂਲਤਾਂ ਆਦਿ ਦਵਾਉਣ ਵਾਸਤੇ ਪੂਰਾ ਯਤਨ ਕਰੇਗਾ ਉਹ ਔਰਤਾਂ ਦੇ ਮਾਨ ਸਨਮਾਨ ਦੀ ਰਾਖੀ ਦੀ ਗੱਲ ਵੀ ਕਰਨਗੇ। ਇਸ ਤੋਂ ਇਲਾਵਾਂ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਧਾਉਣ ਅਤੇ ਕੰਮ ਦੇ ਦਿਨਾਂ ਦੀ ਗਿਣਤੀ ਵਧਾਉਣ ਦੀ ਵੀ ਜੋਰਦਾਰ ਹਮਾਇਤ ਕਰਨਗੇ।ਕਿਸਾਨਾਂ ਦਾ ਅਤੇ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਾਉਣ ਲਈ ਵੀ ਗੱਲ ਕਰਨਗੇ।ਇਸ ਕਰਕੇ ਕਾਮਰੇਡ ਗੁਰਦਿਆਲ ਸਿੰਘ ਹੀ ਲੋਕਾਂ ਦੀਆਂ ਵੋਟਾਂ ਦਾ ਸਹੀ ਹੱਕਦਾਰ ਹਨ।

ਦਿਵਿਆਂਗ ਤੇ ਸੀਨੀਅਰ ਸਿਟੀਜ਼ਨ ਵੋਟਰ ਸਕਸ਼ਮ ਈ ਸੀ ਆਈ ਐਪ ਰਾਹੀਂ ਲੈ ਸਕਦੇ ਹਨ ਵੋਟ ਪਾਉਣ ਦੀ ਸਹੂਲਤ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) - ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਰਾਜ ਦੇ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨਾਂ ਦੀ ਚੋਣਾਂ ਵਿਚ ਸ਼ਮੂਲੀਅਤ ਵਧਾਉਣ ਲਈ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਵਿਸ਼ੇਸ਼ ਸਹੂਲਤ ਦਿੱਤੀ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨ ਵੋਟਰ ਸਕਸ਼ਮ ਈ. ਸੀ. ਆਈ. ਐਪ ਦੇ ਮਾਧਿਅਮ ਰਾਹੀਂ ਵਹੀਲ ਚੇਅਰ ਤੋਂ ਇਲਾਵਾ ਪੋਲਿੰਗ ਸਟੇਸ਼ਨ ਤੱਕ ਜਾਣ ਅਤੇ ਵਾਪਸ ਆਉਣ ਦੀ ਸੁਵਿਧਾ ਲੈ ਸਕਦੇ ਹਨ। ਉਨ੍ਹਾਂ ਜ਼ਿਲ੍ਹੇ ਦੇ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਸਕਸ਼ਮ ਈ.ਸੀ.ਆਈ. ਐਪ ਰਾਹੀਂ ਰਜਿਸਟਰੇਸ਼ਨ ਕਰਵਾ ਕੇ ਇਸ ਸੁਵਿਧਾ ਦਾ ਲਾਭ ਲੈਣ ਤਾਂ ਜੋ ਕੋਈ ਵੀ ਵੋਟਰ ਵੋਟ ਪਾਉਣ ਤੋਂ ਵਾਂਝਾ ਨਾ ਰਹੇ ਅਤੇ ਚੋਣ ਕਮਿਸ਼ਨ ਦੇ ਨਾਅਰੇ ਇਸ ਵਾਰ, 70 ਪਾਰ ਵੋਟਿੰਗ ਨੂੰ ਪੂਰਾ ਕਰਦਿਆਂ ਲੋਕਤੰਤਰ ਵਿਚ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾ ਸਕੇ।

ਸੁਰਜੀਤ ਪਾਤਰ ਦੀ ਯਾਦ 'ਚ ਸਮਾਗਮ ਅੱਜ

ਤਰਨ ਤਾਰਨ -ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਸਾਹਿਤ ਵਿਚਾਰ ਮੰਚ ਤਰਨ ਤਾਰਨ ਵੱਲੋਂ 25 ਮਈ ਨੂੰ ਪੰਜਾਬੀ ਦੇ ਨਾਮਵਰ ਸ਼ਾਇਰ ਸੁਰਜੀਤ ਪਾਤਰ ਦੀ ਨਿੱਘੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਸਥਾਨਕ ਕਾਮਰੇਡ ਅਰਜਨ ਸਿੰਘ ਗੜਗੱਜ ਭਵਨ ਬਾਠ ਰੋਡ (ਨੇੜੇ ਬੱਲ ਗੈਸ ਦੇ ਦਫਤਰ) ਵਿਖੇ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਆਗੂ ਨਰਭਿੰਦਰ , ਤਰਕਸ਼ੀਲ ਆਗੂ ਰਜਵੰਤ ਬਾਗੜੀਆਂ, ਸਾਹਿਤ ਵਿਚਾਰ ਮੰਚ ਦੇ ਆਗੂ ਤ੍ਰਿਲੋਚਨ ਸਿੰਘ ਨੇ ਕਿਹਾ ਕਿ ਪੰਜਾਬੀ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਜੋ 11 ਮਈ ਨੂੰ ਅਚਾਨਕ ਇਸ ਫਾਨੀ ਸੰਸਾਰ ਨੂੰ ਵਿਛੋੜਾ ਗਏ ਸਨ ਜਿਨ੍ਹਾਂ ਨੇ ਸਾਹਿਤ ਤੇ ਕਵਿਤਾ ਨੂੰ ਬੁਲੰਦੀਆਂ ਤੇ ਸਿਖ਼ਰ ਤੱਕ ਪਹੁੰਚਾਇਆ। ਉਨ੍ਹਾਂ ਦੋ ਦਰਜਨ ਪੁਸਤਕਾਂ ਪੰਜਾਬੀ ਜ਼ੁਬਾਨ ਦੀ ਝੋਲੀ ਪਾਈਆਂ। ਉਨ੍ਹਾਂ ਦੀ ਯਾਦ ਵਿੱਚ ਕੀਤੀ ਜਾ ਰਹੀ ਸ਼ਰਧਾਂਜਲੀ ਮੀਟਿੰਗ ਵਿੱਚ ਸਥਾਨਕ ਸ਼ਹਿਰ ਦੇ ਸਾਰੇ ਜਮਹੂਰੀਅਤ ਪਸੰਦ, ਸਾਹਿਤਕ ਪ੍ਰੇਮੀ ਅਤੇ ਬੁੱਧੀਜੀਵੀ ਸਾਥੀਆਂ ਨੂੰ ਅਪੀਲ ਹੈ ਕਿ ਉਹ 25 ਮਈ ਨੂੰ 10 ਵਜੇ ਕਾਮਰੇਡ ਅਰਜਨ ਸਿੰਘ ਗੜਗੱਜ ਭਵਨ ਬਾਠ ਰੋਡ, ਗਲੀ ਨੰਬਰ 3 ਵਿਖੇ ਆਪਣੇ ਸਾਥੀਆਂ ਸਮੇਤ ਪਹੁੰਚ ਕੇ ਵਿਛੜੇ ਕਵੀ ਨੂੰ ਸ਼ਰਧਾਂਜਲੀਆਂ ਭੇਟ ਕਰੀਏ।

ਦਿਵਿਆਂਗ ਤੇ ਸੀਨੀਅਰ ਸਿਟੀਜ਼ਨ ਸਕਸ਼ਮ ਈ ਸੀ ਆਈ ਐਪ ਰਾਹੀਂ ਲੈ ਸਕਦੇ ਵੋਟ ਦੀ ਸਹੂਲਤ

ਗੁਰਦਾਸਪੁਰ (ਜਨਕ ਮਹਾਜਨ)- ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਰਾਜ ਦੇ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨਾਂ ਦੀ ਚੋਣਾਂ ਵਿਚ ਸ਼ਮੂਲੀਅਤ ਵਧਾਉਣ ਲਈ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਵਿਸ਼ੇਸ਼ ਸਹੂਲਤ ਦਿੱਤੀ ਜਾ ਰਹੀ ਹੈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਦਿਵਿਆਂਗ ਅਤੇ ਸੀਨੀਅਰ ਸਿਟ

ਨਵਾਂ ਜ਼ਮਾਨਾ
ਸ਼ਨੀਵਾਰ, 25 ਮਈ 2024

ਘੱਟ-ਗਿਣਤੀ 'ਤੇ ਹਮਲਿਆਂ ਦੀ ਨਿੰਦਾ

ਮੋਦੀ ਰਾਜ ਦੌਰਾਨ ਘੱਟ-ਗਿਣਤੀਆਂ 'ਤੇ ਜ਼ੁਲਮਾਂ ਦਾ ਮੁੱਦਾ ਪੂਰੀ ਦੁਨੀਆ ਵਿੱਚ ਛਾਇਆ ਹੋਇਆ ਹੈ। ਅਮਰੀਕੀ ਯੂਨਾਇਟਿਡ ਮੈਥੋਡਿਸਟ ਚਰਚ (ਯੂ ਐੱਮ ਸੀ) ਦੀ ਜਨਰਲ ਕਾਨਫ਼ਰੰਸ ਵਿੱਚ ਸ਼ਾਮਲ ਨੁਮਾਇੰਦਿਆਂ ਨੇ ਭਾਰਤ ਵਿੱਚ ਹਿੰਦੂਤਵੀਆਂ ਵੱਲੋਂ ਈਸਾਈਆਂ ਉੱਤੇ ਢਾਹੇ ਜਾ ਰਹੇ ਜ਼ੁਲਮਾਂ ਦੀ ਸਖ਼ਤ ਨਿੰਦਾ ਦਾ ਮਤਾ ਪਾਸ ਕਰਕੇ ਅਮਰੀਕੀ ਵਿਦੇਸ਼ ਵਿਭਾਗ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲੇ ਦੇਸ਼ ਵਜੋਂ ਨਾਮਜ਼ਦ ਕਰੇ। ਯੂ ਐੱਮ ਸੀ ਅਮਰੀਕਾ ਵਿਚਲੇ 50 ਲੱਖ ਤੇ ਕੌਮਾਂਤਰੀ ਪੱਧਰ 'ਤੇ ਇਕ ਕਰੋੜ ਧਾਰਮਿਕ ਗਰੁੱਪਾਂ ਦੀ ਪ੍ਰਤੀਨਿਧਤਾ ਕਰਦਾ ਹੈ, ਉਸ ਵੱਲੋਂ ਭਾਰਤ ਵਿੱਚ ਮਨੁੱਖੀ ਅਧਿਕਾਰ ਸਥਿਤੀਆਂ ਬਾਰੇ ਦਿੱਤੇ ਗਏ ਇਸ ਬਿਆਨ ਦੀ ਭਾਰੀ ਮਹੱਤਤਾ ਹੈ।

ਇੰਡੀਅਨ ਅਮਰੀਕਨ ਮੁਸਲਿਮ ਕਾਊਂਸਲ ਦੇ ਪ੍ਰਧਾਨ ਮੁਹੰਮਦ ਜਵਾਦ ਨੇ ਕਿਹਾ ਹੈ, "ਅਸੀਂ ਯੂ ਐੱਮ ਸੀ ਵੱਲੋਂ ਦਿੱਤੇ ਇਸ ਬਿਆਨ ਦੀ ਸ਼ਲਾਘਾ ਕਰਦੇ ਹਾਂ।" ਹਿੰਦੂਤਵੀ ਹਿੰਸਾ ਵਿਰੁੱਧ ਉਸ ਦਾ ਬਿਆਨ ਸਪੱਸ਼ਟ ਸੰਕੇਤ ਹੈ ਕਿ ਭਾਰਤ ਵਿੱਚ ਧਾਰਮਿਕ ਘੱਟ-ਗਿਣਤੀਆਂ ਉੱਤੇ ਜਬਰ ਪੂਰੀ ਮਨੁੱਖਤਾ ਦਾ ਅਪਮਾਨ ਹੈ।

ਯੂ ਐੱਮ ਸੀ ਦਾ ਇਹ ਰੁਖ ਭਾਰਤ ਵਿੱਚ ਮੋਦੀ ਰਾਜ ਦੌਰਾਨ ਈਸਾਈਆਂ ਉੱਤੇ ਹੋ ਰਹੇ ਹਮਲਿਆਂ ਦੇ ਜਵਾਬ ਵਿੱਚ ਆਇਆ ਹੈ। ਫੈਡਰੇਸ਼ਨ ਆਫ ਇੰਡੀਅਨ ਅਮਰੀਕਨ ਕ੍ਰਿਸਚੀਅਨ ਆਰਗੇਨਾਈਜ਼ੇਸ਼ਨਜ਼ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ ਮੋਦੀ ਰਾਜ ਦੇ ਸ਼ੁਰੂ ਵਿੱਚ ਈਸਾਈਆਂ ਉੱਤੇ 127 ਹਮਲੇ ਹੋਏ, ਜਦੋਂ ਕਿ ਸਾਲ ਦਰ ਸਾਲ ਵਧ ਕੇ ਇਹ 2022 ਵਿੱਚ 1198 ਤੱਕ ਪੁੱਜ ਗਏ ਸਨ।

ਯੂ ਐੱਮ ਸੀ ਨੇ ਆਪਣੇ ਮਤੇ ਵਿੱਚ ਮਨੀਪੁਰ ਅੰਦਰ ਈਸਾਈਆਂ ਉੱਤੇ ਹੋ ਰਹੇ ਹਮਲਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਤੇ ਕਿਹਾ ਹੈ ਕਿ ਭੀੜਾਂ ਦੁਆਰਾ ਸੈਂਕੜੇ ਚਰਚ ਸਾੜ ਦਿੱਤੇ ਗਏ ਤੇ ਸੈਂਕੜੇ ਲੋਕ ਮਾਰੇ ਜਾ ਚੁੱਕੇ ਹਨ।

ਪੱਤਰਕਾਰ ਤੇ ਲੇਖਕ ਪੀਟਰ ਫੈਡਰਿਕ ਨੇ ਕਿਹਾ ਹੈ, "ਯੂ ਐੱਮ ਸੀ ਦਾ ਪ੍ਰਸਤਾਵ ਇਤਿਹਾਸਕ ਤੇ ਸਮੇਂ ਦੀ ਮੰਗ ਦੇ ਅਨੁਕੂਲ ਹੈ। ਅਮਰੀਕਾ ਵਿੱਚ ਚਰਚ ਨੂੰ ਭਾਰਤ ਵਿੱਚ ਈਸਾਈਆਂ ਤੇ ਹੋਰ ਘੱਟ-ਗਿਣਤੀਆਂ ਦੇ ਅਸਮਾਨ ਛੂੰਹਦੇ ਜਬਰ ਬਾਰੇ ਚਿੰਤਾ ਅਤੇ ਗੱਲਬਾਤ ਰਾਹੀਂ ਅੱਗੇ ਵਧਣਾ ਚਾਹੀਦਾ ਹੈ। ਯੂ ਐੱਮ ਸੀ ਨੇ ਇੱਕ ਉਦਾਹਰਨ ਪੇਸ਼ ਕੀਤੀ ਹੈ, ਜਿਸ ਦਾ ਅਮਰੀਕਾ ਵਿਚਲੇ ਹੋਰ ਚਰਚਾਂ ਤੇ ਰਾਜ ਨੇਤਾਵਾਂ ਨੂੰ ਵੀ ਪਾਲਣ ਕਰਨਾ ਚਾਹੀਦਾ ਹੈ।"

ਮਤੇ ਵਿੱਚ ਸੰਯੁਕਤ ਰਾਜ ਸਰਕਾਰ ਤੋਂ ਧਾਰਮਿਕ ਅਜ਼ਾਦੀ ਦੀ ਗੰਭੀਰ ਉਲੰਘਣਾ ਲਈ ਜ਼ਿੰਮੇਵਾਰ ਭਾਰਤ ਦੀਆਂ ਸਰਕਾਰੀ ਏਜੰਸੀਆਂ ਤੇ ਅਧਿਕਾਰੀਆਂ ਉੱਤੇ ਪਾਬੰਦੀ ਲਾਉਣ ਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਵੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਹੀ ਧਾਰਮਿਕ ਸੁਤੰਤਰਤਾ ਦੀ ਉਲੰਘਣਾ ਕਰਨ ਵਾਲੇ ਵਿਸ਼ੇਸ਼ ਵਿਅਕਤੀਆਂ ਉੱਤੇ ਅਮਰੀਕਾ ਵਿੱਚ ਦਾਖਲ ਹੋਣ ਉੱਤੇ ਰੋਕ ਲਾਉਣ ਦੀ ਅਪੀਲ ਕੀਤੀ ਗਈ ਹੈ।

ਯੂ ਐੱਮ ਸੀ ਦੇ ਰੇਵਰੈਂਡ ਨੀਲ ਕ੍ਰਿਸਟੀ ਨੇ ਕਿਹਾ ਹੈ, "ਇਹ ਪ੍ਰਸਤਾਵ ਦੱਸਦਾ ਹੈ ਕਿ ਯੂਨਾਇਟਡ ਮੈਥੋਡਿਸਟ ਚਰਚ ਜਾਤੀਵਾਦੀ ਰਾਸ਼ਟਰਵਾਦ ਦੇ ਰੂਪ ਵਿੱਚ ਧਰਮ ਨੂੰ ਹਥਿਆਰ ਵਜੋਂ ਵਰਤਣ ਦੇ ਵਿਰੁੱਧ ਤੇ ਮਨੁੱਖੀ ਸਨਮਾਨ ਤੇ ਮਨੁੱਖੀ ਅਧਿਕਾਰਾਂ ਪ੍ਰਤੀ ਪ੍ਰਤੀਬੱਧ ਹੈ।" ਨੀਲ ਕ੍ਰਿਸਟੀ ਫੈਡਰੇਸ਼ਨ ਆਫ਼ ਇੰਡੀਅਨ ਅਮਰੀਕਨ ਕ੍ਰਿਸਚੀਅਨ ਆਰਗੇਨਾਈਜ਼ੇਸ਼ਨਜ਼ ਦੇ ਕਾਰਜਕਾਰੀ ਡਾਇਰੈਕਟਰ ਹਨ। ਉਨ੍ਹਾ ਕਿਹਾ, "ਇਸ ਪ੍ਰਸਤਾਵ ਰਾਹੀਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਰੂਪ ਵਿੱਚ ਜਾਣੇ ਜਾਂਦੇ ਦੇਸ਼ (ਭਾਰਤ) ਬਾਰੇ ਚਰਚ ਦਾ ਕਹਿਣਾ ਹੈ ਕਿ ਅਸੀਂ ਚੁੱਪ ਕਰਕੇ ਨਹੀਂ ਖੜ੍ਹੇ ਰਹਿ ਸਕਦੇ, ਜਦੋਂ ਲੋਕਾਂ ਨੂੰ ਉਨ੍ਹਾਂ ਦੇ ਵਿਸ਼ਵਾਸ, ਅੰਤਰ ਆਤਮਾ ਤੇ ਉਨ੍ਹਾਂ ਦੀ ਪਛਾਣ ਕਾਰਨ ਸਤਾਇਆ ਜਾ ਰਿਹਾ ਹੋਵੇ। ਇਹੋ ਨਹੀਂ, ਰਾਜ ਦੀ ਹਮਾਇਤ ਰਾਹੀਂ ਹੋ ਰਹੀ ਹਿੰਸਾ ਨਾਲ ਜਿਨ੍ਹਾਂ ਦੀ ਹੋਂਦ ਦੇ ਖਾਤਮੇ ਦਾ ਸੰਕਟ ਪੈਦਾ ਹੋ ਚੁੱਕਾ ਹੋਵੇ।"

ਚੋਣਾਂ ਦੇ ਮੇਲੇ 'ਚ ਕਿੱਥੇ ਗਵਾਚ ਗਏ ਲੋਕ ਮੁੱਦੇ ?

ਗੁਰਚਰਨ ਸਿੰਘ ਨੂਰਪੁਰ

ਇੱਕ ਵਾਰ ਫਿਰ ਚੋਣਾਂ ਦਾ ਜਸ਼ਨ ਸ਼ੁਰੂ ਹੋਇਆ ਹੈ। ਇਸ ਵਿੱਚ ਬਿਆਨਬਾਜ਼ੀਆਂ ਹਨ, ਦਲਬਦਲੀਆਂ ਹਨ, ਸੱਤਾ ਦੀ ਲਾਲਸਾ ਹੈ, ਪਰ ਚੋਣਾਂ ਦੀ ਇਸ ਸਾਰੀ ਕਵਾਇਦ ਵਿੱਚ ਦੂਰ-ਦੂਰ ਤੱਕ ਦੇਸ਼, ਦੇਸ਼ ਲਈ ਭਵਿੱਖ ਦੇ ਪ੍ਰੋਗਰਾਮ, ਆਮ ਲੋਕ ਅਤੇ ਲੋਕ ਮਸਲੇ ਕਿਸੇ ਪਾਸੇ ਨਜ਼ਰ ਨਹੀਂ ਆਉਂਦੇ। ਅਸੀਂ ਭਾਰਤੀ ਲੋਕ ਅੱਜ ਉਸ ਮੁਕਾਮ 'ਤੇ ਖੜੇ ਹਾਂ ਜਿੱਥੇ ਲੋਕ ਮੁੱਦਿਆਂ ਨੂੰ ਵਿਚਾਰਨ ਦੀ ਬਜਾਏ, ਲੋਕਾਂ ਅੱਗੇ ਰਾਜਸੀ ਮੁਨਾਫਿਆਂ ਅਨੁਸਾਰ ਮੁੱਦੇ ਪਰੋਸੇ ਜਾ ਰਹੇ ਹਨ। ਤੁਹਾਡਾ ਸਵਾਲ ਹੋ ਸਕਦਾ ਹੈ ਕਿੱਧਰ ਗਵਾਚ ਗਏ ਲੋਕ ਮਸਲੇ ? ਤਾਂ ਅਸੀਂ ਕਹਿ ਸਕਦੇ ਹਾਂ ਕਿ ਲੋਕ ਮਸਲੇ ਮੀਡੀਆ ਦੇ ਭਰਮਜਾਲ ਵਿੱਚ ਗਾਇਬ ਕਰ ਦਿੱਤੇ ਗਏ ਹਨ। ਇਸ ਵਾਰ ਹੋਈਆਂ ਦਲਬਦਲੀਆਂ ਵਿੱਚ ਕੁਝ ਨੇਤਾਵਾਂ ਨੇ ਕੱਪੜੇ ਬਦਲਣ ਵਾਂਗ ਪਾਰਟੀਆਂ ਬਦਲੀਆਂ। ਆਮ ਲੋਕ, ਜੋ ਰਾਜਸੀ ਨੇਤਾਵਾਂ ਨਾਲ ਜੁੜੇ ਹੁੰਦੇ ਹਨ, ਉਹਨਾਂ ਦੀ ਆਪਣੀ ਪਾਰਟੀ ਪ੍ਰਤੀ ਕੋਈ ਸੋਚ ਹੋਵੇਗੀ, ਪਰ ਅਜੋਕੇ ਰਾਜਸੀ ਨੇਤਾਵਾਂ 'ਚੋਂ ਬਹੁਤਿਆਂ ਦੀ ਸ਼ਾਇਦ ਕੋਈ ਰਾਜਸੀ ਵਿਚਾਰਧਾਰਾ ਨਹੀਂ। ਉਹਨਾਂ ਨੂੰ ਜਿੱਧਰ ਵੱਧ ਸੂਤ ਬੈਠਦਾ, ਉਹ ਉਸ ਪਾਸੇ ਝੱਟ ਪਾਲਾ ਬਦਲ ਲੈਂਦੇ ਹਨ। ਥੋਕ ਵਿੱਚ ਹੋਈਆਂ ਦਲਬਦਲੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਮ ਲੋਕਾਂ ਦੀਆਂ ਪਾਰਟੀਆਂ ਤਾਂ ਹੁੰਦੀਆਂ, ਪਰ ਬਹੁਤੇ ਰਾਜਸੀ ਨੇਤਾਵਾਂ ਦੀ ਕੋਈ ਪਾਰਟੀ ਨਹੀਂ ਹੁੰਦੀ।

ਭਾਰਤੀ ਰੇਲਵੇ ਅਤੇ ਫੌਜ ਵਿੱਚ ਕਿਸੇ ਸਮੇਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨੌਕਰੀਆਂ ਮਿਲਦੀਆਂ ਸਨ। ਦੇਸ਼ ਦੇ ਹੋਰ ਅਦਾਰੇ, ਜਿਵੇਂ ਬਿਜਲੀ, ਨਹਿਰੀ ਵਿਭਾਗ, ਜੰਗਲਾਤ, ਰੋਡਵੇਜ਼, ਦੂਰਸੰਚਾਰ, ਦੂਰਦਰਸ਼ਨ, ਹਸਪਤਾਲਾਂ, ਖੰਡ ਮਿੱਲਾਂ, ਬੈਂਕਾਂ, ਸਕੂਲਾਂ, ਕਾਲਜਾਂ ਯੂਨੀਵਰਸਿਟੀਆਂ ਆਦਿ ਵਿੱਚ ਪੜ੍ਹੇ-ਲਿਖੇ ਬੰਦਿਆਂ ਦੀ ਵੱਡੀ ਲੋੜ ਹੈ। ਲੋਕ ਦਫਤਰਾਂ ਵਿੱਚੋਂ ਸੇਵਾਵਾਂ ਲੈਣ ਲਈ ਖੱਜਲ-ਖੁਆਰ ਹੁੰਦੇ ਹਨ, ਅਸਾਮੀਆਂ ਖਾਲੀ ਪਈਆਂ ਹਨ, ਪਰ ਇਸ ਸਭ ਕੁਝ ਦੇ ਬਾਵਜੂਦ ਨੌਕਰੀਆਂ ਦੇ ਦਰਵਾਜ਼ੇ ਲੋਕਾਂ ਲਈ ਬੰਦ ਹਨ। ਵੱਖ-ਵੱਖ ਇਲਾਕਿਆਂ ਤੋਂ ਵੱਖ-ਵੱਖ ਰਾਜਸੀ ਝੰਡਿਆਂ ਹੇਠ ਚੋਣਾਂ ਲੜਨ ਵਾਲਿਆਂ ਨੂੰ ਆਪਣੇ ਚੋਣ ਹਲਕੇ ਦੇ ਲੋਕਾਂ ਜਾਂ ਜਿਹੜੇ ਵੀ ਹਲਕੇ ਵਿੱਚ ਪਹਿਲਾਂ ਉਹ ਵਿਚਰ ਰਹੇ ਸੀ, ਉੱਥੇ ਉਹਨਾਂ ਆਮ ਲੋਕਾਂ ਲਈ ਹੁਣ ਤੱਕ ਕੀ ਕੁਝ ਕੀਤਾ, ਕਿੰਨਾ ਕੁ ਲੋਕ ਮਸਲਿਆਂ ਨੂੰ ਉਠਾਇਆ, ਲੋਕਾਂ ਨਾਲ ਹੁੰਦੀਆਂ ਵਧੀਕੀਆਂ ਅਤੇ ਲੋਕ ਹਿੱਤਾਂ ਲਈ ਕਿਹੜੀਆਂ ਲੜਾਈਆਂ ਲੜੀਆਂ, ਜਦੋਂ ਇਸ ਦਾ ਵਿਸ਼ਲੇਸ਼ਣ ਹੋਵੇਗਾ ਤਾਂ ਆਸਾਨੀ ਨਾਲ ਸਮਝ ਆਵੇਗਾ ਕਿ ਚੋਣਾਂ ਮਗਰੋਂ ਦੇਸ਼ ਦਾ ਭਵਿੱਖ ਕੀ ਹੋਣ ਵਾਲਾ ਹੈ ?

ਇਹ ਵੀ ਗੱਲ ਨਹੀਂ ਕਿ ਰਾਜਸੀ ਪਾਰਟੀਆਂ ਨੂੰ ਲੋਕਾਂ ਦਾ ਉੱਕਾ ਹੀ ਫਿਕਰ ਨਹੀਂ। ਫਿਕਰ ਹੈ, ਉਹ ਲੋਕਾਂ ਲਈ ਲੈ ਕੇ ਆਉਣਗੇ ਮੁਫਤ ਤੀਰਥ ਯਾਤਰਾ ਸਕੀਮ, ਗਰੀਬਾਂ ਨੂੰ ਮੁਫਤ ਰਾਸ਼ਨ ਸਕੀਮ, ਮੁਫਤ ਬਿਜਲੀ ਤੇ ਹੋ ਸਕਦਾ ਹੈ ਭਵਿੱਖ ਵਿੱਚ ਫਰੀ ਮੋਬਾਇਲ ਡਾਟਾ ਵੀ ਲੋਕਾਂ ਨੂੰ ਮਿਲਣ ਲੱਗ ਜਾਵੇ, ਜਿਹੜੇ ਹੁਣ ਤੱਕ ਮੋਬਾਇਲ ਫੋਨ ਦੇ ਆਹਰੇ ਨਹੀਂ ਲੱਗੇ, ਉਹ ਵੀ ਲੱਗ ਜਾਣ।

ਦੇਸ਼ ਦੇ ਆਮ ਲੋਕ ਜਿਹੜੀਆ ਸਮੱਸਿਆਵਾਂ ਦਾ ਸੰਤਾਪ ਦਹਾਕਿਆਂ ਤੋਂ ਭੋਗ ਰਹੇ ਹਨ, ਜਿਹੜੀਆਂ ਪੀੜਾਂ ਹੰਢਾ ਰਹੇ ਹਨ, ਉਹ ਪੀੜਾਂ ਕਿਸ ਪਾਰਟੀ ਦੇ ਏਜੰਡੇ 'ਤੇ ਹਨ ? ਜਦੋਂ ਤੁਸੀਂ ਗੌਰ ਨਾਲ ਇਸ ਗੱਲ ਦੀ ਵਿਆਖਿਆ ਕਰੋਗੇ ਤਾਂ ਪਤਾ ਲੱਗੇਗਾ ਕਿ ਕੋਈ ਵੀ ਰਾਜਸੀ ਪਾਰਟੀ ਲੋਕ ਮਸਲਿਆਂ ਪ੍ਰਤੀ ਗੰਭੀਰ ਨਹੀਂ। ਹਰ ਵਾਰ ਪੰਜ ਸਾਲ ਮਗਰੋਂ ਲੋਕ ਇਹ ਸੋਚ ਕੇ ਵੋਟ ਦਿੰਦੇ ਹਨ ਕਿ ਭਵਿੱਖ ਵਿੱਚ ਉਹਨਾਂ ਲਈ ਬਹੁਤ ਕੁਝ ਬਦਲ ਜਾਵੇਗਾ, ਪਰ ਹਰ ਵਾਰ ਇਹ ਉਹਨਾਂ ਲਈ ਇੱਕ ਵੱਡਾ ਭਰਮ ਸਾਬਤ ਹੁੰਦਾ ਹੈ।

ਮੀਡੀਆ, ਖਾਸ ਕਰਕੇ ਬਿਜਲਈ ਮੀਡੀਆ ਵਿੱਚ ਸੱਤਾ ਨੂੰ ਸਵਾਲ ਕਰਨ ਦੀ ਸੱਤਿਆ ਨਹੀਂ ਰਹੀ। ਦੇਸ਼ ਦੀ ਮਾੜੀ ਆਰਥਕ ਵਿਵਸਥਾ, ਗਰੀਬੀ-ਮੰਦਹਾਲੀ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਬੇਰੁਜਗਾਰੀ, ਪ੍ਰਵਾਸ, ਹਰ ਦਿਨ ਪ੍ਰਦੂਸ਼ਣ ਦਾ ਵਧ ਰਿਹਾ ਪ੍ਰਕੋਪ, ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿੱਚ ਸਾਡੀ ਵੀ ਹਿੱਸੇਦਾਰੀ ਹ�ो ਜਾਣੀ, ਲਾਅ ਐਂਡ ਆਰਡਰ ਦੀ ਵਿਗੜਦੀ ਸਥਿਤੀ, ਨਸ਼ਿਆਂ ਦਾ ਸੰਤਾਪ ਭੋਗਦੇ ਲੋਕ, ਆਤਮ ਹੱਤਿਆ ਕਰਦੇ ਕਿਸਾਨ, ਪਾਣੀ ਦਾ ਗਹਿਰਾ ਹੋ ਰਿਹਾ ਸੰਕਟ, ਲੁੱਟਮਾਰ, ਗੁੰਡਾਗਰਦੀ, ਦੰਗੇ-ਫਸਾਦ ਵਰਗੀਆਂ ਕਰੂਰ ਹਾਲਤਾਂ ਦਾ ਸੰਤਾਪ ਭੋਗਦੇ ਲੋਕ, ਇਹ ਮੁੱਦੇ ਚੋਣਾਂ ਦੇ ਇਸ ਮੇਲੇ ਵਿੱਚ ਕਿਧਰੇ ਨਜਰ ਨਹੀਂ ਪੈਂਦੇ।

ਇਹ ਮੁੱਦਾ ਨਹੀਂ ਕਿ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਸਰਕਾਰੀ ਨੌਕਰੀਆਂ ਨੂੰ ਛਾਨਣੀ ਲੱਗ ਰਹੀ ਹੈ, ਬਲਕਿ ਮੁੱਦਾ ਇਹ ਹੈ ਕਿ ਕਿਸ ਪਾਰਟੀ ਦੇ ਨੇਤਾ ਨੂੰ ਕਿਵੇਂ-ਕਿਵੇਂ ਆਪਣੇ ਜੂਲੇ ਹੇਠ ਲਿਆਉਣਾ ਹੈ। ਇਹ ਮੁੱਦਾ ਨਹੀਂ ਕਿ ਗਰੀਬੀ ਤੋਂ ਤੰਗ ਲੋਕ ਖੁਦਕੁਸ਼ੀਆਂ ਕਰ ਰਹੇ ਹਨ, ਬਲਕਿ ਮੁੱਦਾ ਇਹ ਹੈ ਕਿ ਮੰਦਰ, ਮਸਜਿਦਾਂ ਲਈ ਲੋਕਾਂ ਵਿੱਚ ਵਖਰੇਵੇ ਕਿਵੇਂ ਪੈਦਾ ਕਰਨੇ ਹਨ ? ਲੋਕ ਦਵਾਈਆਂ ਅਤੇ ਚੰਗੀਆਂ ਸਿਹਤ ਸਹੂਲਤਾਂ ਨਾ ਮਿਲਣ ਖੁਣੋਂ ਰੋਜ਼ ਮਰਦੇ ਹਨ, ਸੋਕਾ ਪਵੇ ਤਾਂ ਪਿਆਸ ਨਾਲ ਮਰਦੇ ਹਨ, ਲੋਕ ਪਿੰਡਾਂ 'ਚੋਂ ਹਿਜਰਤ ਕਰਨ ਲਈ ਮਜਬੂਰ ਹਨ, ਹਰ ਸਾਲ ਹੜ੍ਹ ਆਉਣ ਨਾਲ ਸੈਂਕੜੇ ਜਾਨਾਂ ਜਾਂਦੀਆਂ ਹਨ, ਕੀ ਇਹ ਮੁੱਦੇ ਨਹੀਂ ਹੋਣੇ ਚਾਹੀਦੇ ? ਇੱਥੋਂ ਤੱਕ ਕਿ ਨਿੱਕੇ ਮਾਸੂਮ ਬੱਚੇ ਏਨੀ ਵੱਡੀ ਗਿਣਤੀ ਵਿੱਚ ਇਲਾਜ ਖੁਣੋਂ ਮਰ ਜਾਂਦੇ ਹਨ ਕਿ ਪੜ੍ਹ-ਸੁਣ ਕੇ ਰੂਹ ਕੰਬ ਉਠਦੀ ਹੈ। ਬੀਤੀ 24 ਅਪਰੈਲ ਦੇ ਪੰਜਾਬੀ ਦੇ ਅਖਬਾਰਾਂ ਵਿੱਚ ਖਬਰ ਸੀ ਕਿ ਦੋ ਮਾਸੂਮ ਬੱਚੀਆਂ ਝੁੱਗੀ ਨੂੰ ਅੱਗ ਲੱਗਣ ਨਾਲ ਝੁਲਸ ਕੇ ਮਰ ਗਈਆਂ। ਇਹੋ ਜਿਹੀਆਂ ਪਤਾ ਨਹੀਂ ਕਿੰਨੀਆਂ ਖਬਰਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹੁੰਦੀਆਂ, ਵਾਪਰਦੀਆਂ। ਮਾਸੂਮ ਬੱਚੇ ਅਤਿ ਮਾੜੀਆਂ ਜਿਉਣ ਹਾਲਤਾਂ ਵਿੱਚ ਦਮ ਤੋੜਦੇ ਹਨ, ਉਹਨਾਂ ਦੀਆਂ ਆਤਮਾਵਾਂ ਵਿਕਾਸਸ਼ੀਲ ਭਾਰਤ ਦੇ ਕਰਤਿਆਂ-ਧਰਤਿਆਂ ਨੂੰ ਸਵਾਲ ਕਰਦੀਆਂ ਹੋਣਗੀਆਂ ਕਿ ਇਹ ਕਿਹੋ ਜਿਹੀ ਅਖੌਤੀ ਵਿਕਾਸਮੁਖੀ ਵਿਵਸਥਾ ਸੀ ਤੁਹਾਡੀ ? ਜਿੱਥੇ ਸਾਡੇ ਲਈ ਸਭ ਦਰਵਾਜ਼ੇ ਬੰਦ ਹੋ ਗਏ ?

ਹਰ ਦਿਨ ਭ੍ਰਿਸ਼ਟ ਹੋ ਰਹੀ ਅਜੋਕੀ ਰਾਜਨੀਤੀ ਨੇ ਜਨਤਾ ਨੂੰ ਹਾਲਾਤ ਦੇ ਮਾਰੇ ਲੋਕਾਂ ਦਾ ਇੱਕ ਸਮੂਹ ਵਿੱਚ ਤਬਦੀਲ ਕਰ ਦਿੱਤਾ ਹੈ। ਪਿਛਲੇ ਕੁਝ ਅਰਸੇ ਤੋਂ ਸ਼ੁਰੂ ਹੋਈਆਂ ਉਦਾਰਵਾਦੀ ਨੀਤੀਆਂ, ਜਿਹਨਾਂ ਨਾਲ ਜਨਤਕ ਅਦਾਰਿਆਂ ਨੂੰ ਤੇਜ਼ੀ ਨਾਲ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਲੋਕਾਂ ਦੀ ਲੰਮੀ ਗੁਲਾਮੀ ਦਾ ਇੱਕ ਦੌਰ ਸ਼ੁਰੂ ਕੀਤਾ ਜਾ ਰਿਹਾ ਹੈ, ਵਿੱਚ ਕੁਝ ਖੱਬੇ-ਪੱਖੀ ਪਾਰਟੀਆਂ ਨੂੰ ਛੱਡ ਸਭ ਪਾਰਟੀਆਂ ਦਾ ਭਰਪੂਰ ਯੋਗਦਾਨ ਰਿਹਾ ਹੈ ਅਤੇ ਅਫਸੋਸ ਦੀ ਗੱਲ ਇਹ ਹੈ ਕਿ ਇਸ ਨੂੰ ਸਰਕਾਰੀ ਪ੍ਰਾਪਤੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਮਨੁੱਖ ਦੀ ਹਰ ਲੋੜ ਨੂੰ ਕਾਰੋਬਾਰ ਵਜੋਂ ਵੇਖਿਆ ਜਾਣ ਲੱਗਿਆ ਹੈ, ਇਹ ਰਾਜਨੀਤਕ ਗਿਰਾਵਟ ਦੀ ਸਿਖਰ ਹੈ। ਲੋਕਾਂ ਦੀਆਂ ਲੋੜਾਂ/ਮਜਬੂਰੀਆਂ ਤੋਂ ਕਮਾਈਆਂ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸਭ ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਦਾ ਅਰਥ ਇਹ ਨਹੀਂ ਹੁੰਦਾ ਕਿ ਇਸ ਨੂੰ ਕਮਾਈ ਦੇ ਸਾਧਨ ਵਜੋਂ ਵਿਕਸਤ ਕੀਤਾ ਜਾਵੇ।

ਅਸੀਂ ਸਾਰੇ ਜਾਣਦੇ ਹਾਂ ਕਿ ਚੋਣਾਂ 'ਤੇ ਬੇਤਹਾਸ਼ਾ ਖਰਚ ਕੀਤਾ ਜਾਂਦਾ ਹੈ, ਇਸ ਦਾ ਸਿੱਧਾ ਮਤਲਬ ਹੈ ਲੋਕਤੰਤਰ ਦੀਆਂ ਜੜ੍ਹਾਂ ਵਿੱਚ ਭ੍ਰਿਸ਼ਟਾਚਾਰ। ਹੁਣ ਕੋਈ ਵੀ ਪਾਰਟੀ ਇਸ ਭ੍ਰਿਸ਼ਟਾਚਾਰ ਦੇ ਮੁੱਦੇ ਪ੍ਰਤੀ ਬੋਲਣ ਲਈ ਤਿਆਰ ਨਹੀਂ। ਚੋਣਾਂ ਬੇਤਹਾਸ਼ੇ ਧਨ ਅਤੇ ਤਾਕਤ ਨਾਲ ਲੜੀਆਂ ਜਾਂਦੀਆਂ ਹਨ। ਹੁਣ ਤਾਂ ਬਹੁਤੀਆਂ ਪਾਰਟੀਆਂ ਟਿਕਟ ਦੇਣ ਲੱਗਿਆਂ ਇਹ ਦੇਖਦੀਆਂ ਹਨ ਕਿ ਧਨਾਢ ਬੰਦੇ ਨੂੰ ਹੀ ਟਿਕਟ ਦਿੱਤੀ ਜਾਵੇ, ਤਾਂ ਕਿ ਉਹ ਵੱਧ ਤੋਂ ਵੱਧ ਪੈਸਾ ਝੋਕ ਕੇ ਚੋਣ ਜਿੱਤ ਸਕੇ। ਲੋਕਤੰਤਰ 'ਤੇ ਪਏ ਧਨਾਢ ਤੰਤਰ ਦੇ ਗਲਬੇ ਨੇ ਲੋਕਾਂ ਲਈ ਸ਼ੇਰ ਜਾਂ ਬਘਿਆੜ ਦੋਹਾਂ 'ਚੋਂ ਇੱਕ ਦੀ ਚੋਣ ਕਰਨ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਇਸ ਧਨਾਢ ਤੰਤਰ ਵਿੱਚ ਵਿੱਚ ਕਾਤਲ, ਬਲਾਤਕਾਰੀ ਅਤੇ ਭ੍ਰਿਸ਼ਟਾਚਾਰ ਵਿੱਚ ਲਿਪਤ ਲੋਕ ਜੇਲ੍ਹਾਂ ਵਿੱਚ ਬੈਠੇ ਵੀ ਚੋਣਾਂ ਜਿੱਤ ਜਾਂਦੇ ਹਨ, ਪਰ ਆਮ ਬੰਦਾ ਭਾਵੇਂ ਸਮਾਜ ਪ੍ਰਤੀ ਕਿੰਨੀ ਵੀ ਚੰਗੀ ਸੋਚ ਰੱਖਦਾ ਹੋਵੇ, ਉਹ ਇਸ ਤੰਤਰ ਦੇ ਨੇੜੇ ਵੀ ਨਹੀਂ ਫਟਕ ਸਕਦਾ ਅਤੇ ਨਾ ਹੀ ਰਾਜਨੀਤਕ (ਖਾਸ ਕਰਕੇ ਪ੍ਰਮੁੱਖ ਪਾਰਟੀਆਂ) ਪਾਰਟੀਆਂ ਅਜਿਹੇ ਕਿਸੇ ਵਿਆਕਤੀ ਨੂੰ ਉਮੀਦਵ

25-MAY-PAGE-5.qxd 5/24/2024 10:49 PM Page 1

ਸੰਯੁਕਤ ਕਿਸਾਨ ਮੋਰਚੇ ਨੇ ਮੋਦੀ ਦਾ ਪੁਤਲਾ ਫੂਕਿਆ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)

ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫ਼ਰੀਦਕੋਟ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੰਜਾਬ ਆਉਣ 'ਤੇ ਵਿਰੋਧ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਵੱਖ ਵੱਖ ਆਗੂਆਂ ਨੇ ਕਿਹਾ ਕਿ ਸੂਬਾ ਜਨਰਲ ਸਕੱਤਰ ਸ਼ਮਸ਼ੇਰ ਸਿੰਘ ਕਿੰਗਰਾ ਕੌਮੀ ਕਿਸਾਨ ਯੂਨੀਅਨ, ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਗੋਲੇਵਾਲਾ ਬੀਕੇਯੂ ਕਾਦੀਆਂ, ਭੁਪਿੰਦਰ ਸਿੰਘ ਚਹਿਲ ਜ਼ਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਸੁਖਜਿੰਦਰ ਸਿੰਘ ਤੁਬੰਡਭੰਨ ਜ਼ਿਲ੍ਹਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ, ਹਰਦੇਵ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਬੀਕੇਯੂ ਡਕੌਂਦਾ ਬੁਰਜ ਗਿੱਲ, ਰਣਧੀਰ ਸਿੰਘ ਬਲਾਕ ਪ੍ਰਧਾਨ ਸਾਦਿਕ ਬੀਕੇਯੂ ਲੱਖੋਵਾਲ, ਕਾਮਰੇਡ ਦਲੀਪ ਸਿੰਘ ਕਿਸਾਨ ਆਗੂ, ਸਤਨਾਮ ਸਿੰਘ ਪੱਖੀ ਜ਼ਿਲ੍ਹਾ ਪ੍ਰਧਾਨ ਮਜ਼ਦੂਰ ਮੁਕਤੀ ਮੋਰਚਾ ਆਦਿ ਆਗੂਆਂ ਵੱਲੋਂ ਸਭ ਤੋਂ ਪਹਿਲਾਂ ਅਰਦਾਸ ਬੇਨਤੀ ਕਰਕੇ ਕੱਲ੍ਹ ਪਟਿਆਲਾ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਰੋਧ ਕਰਕੇ ਵਾਪਸ ਆ ਰਹੇ ਕਿਸਾਨਾਂ ਦੀ ਬੱਸ ਪਲਟਣ ਕਾਰਨ ਜ਼ਖਮੀ ਹੋਏ ਕਿਸਾਨਾਂ ਦੀ ਸਿਹਤਯਾਬੀ ਦੀ ਕਾਮਨਾ ਕੀਤੀ ਅਤੇ ਕਾਮਾਗਾਟਾਮਾਰੂ ਦੇ ਸ਼ਹੀਦਾਂ ਲਈ ਦੋ ਮਿੰਟ ਦਾ ਮੌਨ ਰੱਖਿਆ ਅਤੇ ਕਿਹਾ ਕਿ ਇਹ ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਸ ਸਾਲ ਦੇ ਸ਼ਾਸਨ ਵਿੱਚ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਛੋਟੇ ਦੁਕਾਨਦਾਰਾਂ ਦੇ ਵਿਰੋਧ ਵਿਚ ਰਿਹਾ ਅਤੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਦੇਸ਼ ਦੇ ਸਾਰੇ ਅਦਾਰਿਆਂ ਨੂੰ ਕਾਰਪੋਰੇਟ ਨੂੰ ਵੇਚਿਆ। ਭਾਰਤ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਸੱਤਾ 'ਚੋਂ ਬਾਹਰ ਕੀਤਾ ਜਾਵੇ ਤਾਂ ਜੋ ਕਾਰਪੋਰੇਟ ਘਰਾਣਿਆਂ ਨੂੰ ਦਿੱਤੀਆਂ ਜਾ ਰਹੀਆਂ ਬੇਲੋੜੀਆਂ ਸਹੂਲਤਾਂ ਬੰਦ ਕਰਵਾਈਆਂ ਜਾ ਸਕਣ। ਸੰਯੁਕਤ ਕਿਸਾਨ ਮੋਰਚਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਦੇਸ਼ ਤੇ ਸੰਵਿਧਾਨ ਨੂੰ ਬਚਾਉਣ ਲਈ ਭਾਰਤੀ ਜਨਤਾ ਪਾਰਟੀ ਨੂੰ ਹਰਾਉਣਾ ਅਤਿ ਜ਼ਰੂਰੀ ਹੈ। ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫ਼ਰੀਦਕੋਟ ਵੱਲੋਂ ਡਾਕਟਰ ਬਰਜਿੰਦਰ ਸਿੰਘ ਹਮਦਰਦ 'ਤੇ ਪੰਜਾਬ ਸਰਕਾਰ ਵੱਲੋਂ ਦਿੱਤੇ ਪਰਚੇ ਦੀ ਨਿਖੇਧੀ ਕਰਦਾ ਹੈ ਅਤੇ ਪੰਜਾਬ ਸਰਕਾਰ ਉਸ ਨੂੰ ਜਲਦ ਝੂਠਾ ਪਰਚਾ ਰੱਦ ਕਰ ਕੇ ਇਨਸਾਫ਼ ਦੇਵੇ। ਇਸ ਮੌਕੇ ਪਹੁੰਚੇ ਵੱਖ ਵੱਖ ਜਥੇਬੰਦੀਆਂ ਦੇ ਆਗੂ ਸਹਿਬਾਨ 'ਚ ਗੁਰਮੀਤ ਸਿੰਘ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਰਾਜਬੀਰ ਸਿੰਘ ਗਿੱਲ ਸੰਧਵਾਂ ਸਕੱਤਰ ਜਨਰਲ ਬੀਕੇਯੂ ਕਾਦੀਆਂ, ਜਸਵੀਰ ਸਿੰਘ ਗਿੱਲ ਬਲਾਕ ਪ੍ਰਧਾਨ ਫਰੀਦਕੋਟ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਗੁਰਵਿੰਦਰ ਸਿੰਘ ਨੰਗਲ ਬੀਕੇਯੂ ਡਕੌਂਦਾ ਬੁਰਜ ਗਿੱਲ, ਹਰਭੇਜ ਸਿੰਘ ਭਾਣਾ ਬਲਾਕ ਜਰਨਲ ਸਕੱਤਰ ਫਰੀਦਕੋਟ, ਸ਼ਮਸ਼ੇਰ ਸਿੰਘ ਸੰਧੂ ਬਲਾਕ ਆਗੂ, ਅਮਰਜੀਤ ਸਿੰਘ ਪੈਨਸ਼ਨ ਯੂਨੀਅਨ ਫਰੀਦਕੋਟ ਸ਼ਾਮਲ ਸਨ।

ਲੋਕ-ਪੱਖੀ ਕਾਨੂੰਨ ਬਣਾਉਣ ਲਈ ਕਮਿਊਨਿਸਟਾਂ ਨੂੰ ਜਿਤਾਉਣਾ ਜ਼ਰੂਰੀ : ਮਾਨ, ਪਿਪਲੀ

ਕੋਟਕਪੂਰਾ (ਰਛਪਾਲ ਭੁੱਲਰ)-ਭਾਰਤੀ ਕਮਿਊਨਿਸਟ ਪਾਰਟੀ ਨੇ ਆਪਣੇ ਉਮੀਦਵਾਰ ਗੁਰਚਰਨ ਸਿੰਘ ਮਾਨ ਲਈ ਵੋਟਾਂ ਮੰਗਣ ਲਈ ਜੈਤੋ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਚੋਣ ਮੀਟਿੰਗਾਂ ਤੇ ਜਲਸੇ ਕੀਤੇ।ਪਿੰਡ ਨਿਆਮੀ ਵਾਲਾ, ਰਣ ਸਿੰਘ ਵਾਲਾ, ਸਰਾਵਾਂ, ਬਹਿਬਲ ਆਦਿ ਪਿੰਡਾਂ ਵਿੱਚ ਆਮ ਲੋਕਾਂ ਤੇ ਨਰੇਗਾ ਮਜ਼ਦੂਰਾਂ ਦੀਆਂ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਮਾਸਟਰ ਗੁਰਚਰਨ ਸਿੰਘ ਮਾਨ, ਨਰੇਗਾ ਮਜ਼ਦੂਰਾਂ ਦੇ ਕੌਮੀ ਆਗੂ ਕਾਮਰੇਡ ਗੋਰਾ ਸਿੰਘ ਪਿਪਲੀ ਨੇ ਕਿਹਾ ਕਿ ਜਦੋਂ ਵੀ ਕਮਿਊਨਿਸਟ ਸੱਤਾ ਵਿੱਚ ਆਏ ਹਨ, ਉਦੋਂ ਹੀ ਲੋਕ ਹਿੱਤਾਂ ਦੇ ਕਾਨੂੰਨ ਬਣਦੇ ਹਨ। ਸੰਨ 2004 ਵਿੱਚ ਖੱਬੇ ਪੱਖੀਆਂ ਦੇ ਦਬਾਅ ਨਾਲ ਆਰ ਟੀ ਆਈ, ਮਨਰੇਗਾ, ਕਬਾਇਲੀ ਇਲਾਕਿਆਂ ਵਿੱਚ ਮੁੜ ਵਸੇਬਾ ਕਾਨੂੰਨ ਤੇ ਹੋਰ ਲੋਕ ਪੱਖੀ ਕਾਨੂੰਨ ਬਣੇ ਹਨ। ਹੁਣ ਦੇਸ਼ ਦੀ ਜਵਾਨੀ ਨੂੰ ਬਚਾਉਣ ਲਈ ਬਨੇਗਾ ਕਾਨੂੰਨ, ਜੋ ਕਿ ਪ੍ਰਾਈਵੇਟ ਬਿਲ ਦੇ ਰੂਪ ਵਿੱਚ ਸੰਸਦ ਵਿੱਚ ਪੇਸ਼ ਕੀਤਾ ਹੈ, ਇਸ ਕਾਨੂੰਨ ਅਨੁਸਾਰ ਦੇਸ਼ ਦੇ ਹਰ ਇੱਕ ਨੌਜਵਾਨ ਮੁੰਡੇ ਕੁੜੀਆਂ ਨੂੰ ਉਸ ਦੀ ਯੋਗਤਾ ਅਨੁਸਾਰ ਨੌਕਰੀ ਕੰਮ ਮਿਲੇ ਜਾਂ ਉਸ ਨੂੰ ਜਿਉਂਦੇ ਰਹਿਣ ਯੋਗ ਬੇਰੁਜ਼ਗਾਰੀ ਭੱਤਾ ਮਿਲੇ।ਜੇਕਰ ਖੱਬੇ ਪੱਖੀ ਕੇਂਦਰ ਦੀ ਸੱਤਾ ਵਿੱਚ ਆਉਂਦੇ ਹਨ ਤਾਂ ਨਰੇਗਾ ਕਾਨੂੰਨ ਨੂੰ ਹੋਰ ਅਮਲੀ ਰੂਪ ਵਿੱਚ ਵੱਡੇ ਪੱਧਰ 'ਤੇ ਲਾਗੂ ਕੀਤਾ ਜਾਵੇਗਾ ਅਤੇ ਬਨੇਗਾ ਨੂੰ ਦੇਸ਼ ਭਰ ਵਿੱਚ ਲਾਗੂ ਕੀਤਾ ਜਾਵੇਗਾ।ਇਸ ਲਈ ਲਾਲ ਝੰਡੇ ਦੀਆਂ ਖੱਬੀਆਂ ਪਾਰਟੀਆਂ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜਣਾ ਜ਼ਰੂਰੀ ਹੈ। ਪਾਰਟੀ ਦੇ ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਤੇ ਇਸਤਰੀ ਸਭਾ ਦੇ ਜ਼ਿਲ੍ਹਾ ਆਗੂ ਬੀਬੀ ਮਨਜੀਤ ਕੌਰ ਨੱਥੇਵਾਲਾ ਵਾਲਾ, ਸੀ ਪੀ ਐੱਮ ਦੇ ਆਗੂ ਠਾਕਰ ਸਿੰਘ ਤੇ ਵੀਰ ਸਿੰਘ ਕੰਮੇਆਣਾ ਨੇ ਵੀ ਮਾਸਟਰ ਗੁਰਚਰਨ ਸਿੰਘ ਮਾਨ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ।ਇਸ ਸਮੇਂ ਪਾਰਟੀ ਵਰਕਰਾਂ ਵਿੱਚ ਕੁਲਦੀਪ ਕੌਰ ਲੰਭਵਾਲੀ, ਵੀਰਪਾਲ ਕੌਰ ਮਹਿਲੜ, ਅਮਰਜੀਤ ਕੌਰ ਰਣ ਸਿੰਘ ਵਾਲਾ, ਪੱਪੀ ਸਿੰਘ ਢਿੱਲਵਾਂ, ਨਸੀਬ ਕੌਰ ਮੋੜ ਆਦਿ ਹਾਜ਼ਰ ਸਨ।

ਮੋਦੀ ਨੇ ਦੇਸ਼ ਦਾ ਬਹੁਤ ਵੱਡਾ ਨੁਕਸਾਨ ਕੀਤਾ : ਗੁਰਚਰਨ ਸਿੰਘ ਮਾਨ

ਸੀ ਪੀ ਆਈ ਦੇ ਉਮੀਦਵਾਰ ਵੱਲੋਂ ਗਿੱਦੜਬਾਹਾ ਹਲਕੇ ਦੇ ਪਿੰਡਾਂ ਦਾ ਦੌਰਾ

ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)-ਲੋਕ ਸਭਾ ਹਲਕਾ ਫਰੀਦਕਟ ਤੋਂ ਚੋਣ ਲੜ ਰਹੇ ਸੀ ਪੀ ਆਈ ਦੇ ਉਮੀਦਵਾਰ ਗੁਰਚਰਨ ਸਿੰਘ ਮਾਨ ਨੇ ਹਲਕਾ ਗਿੱਦੜਬਾਹਾ ਦੇ ਪਿੰਡ ਵਾੜਾ ਕਿਸ਼ਨਪੁਰਾ, ਕਾਉਣੀ, ਦੋਦਾ, ਸੁਖਨਾ, ਛੱਤਿਆਣਾ, ਹੁਸਨਰ ਕੋਠੇ, ਦਸਮੇਸ਼ ਨਗਰ ਸਾਹਿਬ ਚੰਦ ਆਦਿ ਪਿੰਡਾਂ ਦਾ ਤੂਫਾਨੀ ਦੌਰਾ ਕੀਤਾ। ਇਸ ਸਮੇਂ ਉਨ੍ਹਾਂ ਨਾਲ ਸਟੂਡੈਂਟ ਫੈਡਰੇਸ਼ਨ ਦੇ ਆਗੂ ਸੁਖਵਿੰਦਰ ਸਿੰਘ, ਕਾਮਰੇਡ ਬੋਹੜ ਸਿੰਘ ਸੁਖਨਾ, ਹਰਲਾਭ ਸਿੰਘ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਵੀਰ ਸਿੰਘ, ਨਰੇਗਾ ਆਗੂ ਹਰਵਿੰਦਰ ਸਿੰਘ, ਸੀ ਪੀ ਆਈ ਦੇ ਸਕੱਤਰ ਬਲਾਕ ਲੰਬੀ ਹੀਰਾ ਸਿੰਘ ਆਧਨੀਆਂ, ਮੁਖਤਿਆਰ ਸਿੰਘ ਜ਼ਿਲ੍ਹਾ ਕੌਂਸਲ ਮੈਂਬਰ ਸੀ ਪੀ ਆਈ, ਨੌਜਵਾਨ ਆਗੂ ਪ੍ਰਗਟ ਸਿੰਘ ਸੁਖਨਾ, ਚੰਬਾ ਸਿੰਘ ਵਾੜਾ ਕਿਸ਼ਨਪੁਰਾ, ਗੁਰਮੇਲ ਸਿੰਘ ਦੋਦਾ ਆਦਿ ਹਾਜ਼ਰ ਸਨ। ਇਸ ਸਮੇਂ ਮਾਸਟਰ ਗੁਰਚਰਨ ਸਿੰਘ ਮਾਨ ਨੇ ਪਿੰਡ ਛੱਤਿਆਣਾ ਵਿਖੇ ਇਕ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਸ ਸਾਲਾਂ ਵਿੱਚ ਦੇਸ਼ ਦਾ ਬੜਾ ਵੱਡਾ ਨੁਕਸਾਨ ਕੀਤਾ, ਚਾਰ ਕਾਲੇ ਕਨੂੰਨ ਬਣਾਏ ਜੋਕਿ ਦੇਸ਼ ਦੀ ਜਨਤਾ ਲਈ ਬਹੁਤ ਘਾਤਕ ਹਨ। ਨਰਿੰਦਰ ਮੋਦੀ ਨੇ ਝੂਠ ਬੋਲ ਕੇ ਦੇਸ਼ ਦੀ ਜਨਤਾ ਨਾਲ ਠੱਗੀ ਮਾਰ ਕੇ ਸਰਕਾਰ ਬਣਾਈ। ਉਨ੍ਹਾਂ ਕਿਹਾ ਕਿ ਨਰੇਗਾ ਕਨੂੰਨ ਲਾਲ ਝੰਡੇ ਵਾਲਿਆਂ ਨੇ ਬਣਵਾਇਆ ਹੈ, ਜਿਸ ਨਾਲ ਮਜ਼ਦੂਰਾਂ ਨੂੰ ਸੌ ਦਿਨ ਕੰਮ ਮਿਲਦਾ ਹੈ, ਪਰ ਮੋਦੀ ਸਰਕਾਰ ਨਰੇਗਾ ਦਾ ਹਰ ਸਾਲ ਬੱਜਟ ਘਟਾਉਂਦੀ ਜਾ ਰਹੀ ਹੈ, ਦਿਹਾੜੀ ਪ੍ਰਤੀ ਦਿਨ ਅੱਠ ਘੰਟੇ ਤੋਂ ਬਾਰਾਂ ਘੰਟੇ ਕਰਨ ਲੱਗੀ ਹੋਈ ਹੈ। ਮਾਸਟਰ ਮਾਨ ਨੇ ਕਿਹਾ ਕਿ ਭਾਰਤੀ ਕਮਿਓਨਿਸਟ ਪਾਰਟੀ ਲੋਕ ਹਿਤੂ ਤੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਬੇਰੁਜ਼ਗਾਰਾਂ ਦੇ ਹੱਕਾਂ ਦੀ ਲੜਾਈ ਲੜਨ ਵਾਲੀ ਪਾਰਟੀ ਹੈ ਤੇ ਇਸ ਲਈ ਚੰਗੇ ਮਾੜੇ ਦੀ ਪਰਖ ਤੁਸੀਂ ਆਪ ਕਰਨੀ ਹੈ। ਇਸ ਲਈ ਜੇਕਰ ਤੁਸੀਂ ਦੇਸ਼ ਤੇ ਦੇਸ਼ ਦੀ ਜਨਤਾ ਨੂੰ ਬਚਾਉਣਾ ਹੈ ਤਾਂ ਦੇਸ਼ ਦੇ ਲੋਕਾਂ ਨੂੰ ਹੁਣ ਸਮਝਣ ਦੀ ਲੋੜ ਹੈ। ਅੰਤ ਵਿੱਚ ਗੁਰਚਰਨ ਸਿੰਘ ਮਾਨ ਨੇ ਕਿਹਾ ਕਿ ਆਉਣ ਵਾਲੀ ਇੱਕ ਜੂਨ ਨੂੰ ਵੋਟ ਸੀ ਪੀ ਆਈ ਦੇ ਉਮੀਦਵਰ ਨੂੰ ਹੀ ਪਾਓ ਅਤੇ ਜਿੱਥੇ ਸਾਡਾ ਉਮੀਦਵਰ ਨਹੀਂ ਹੈ, ਉਥੇ ਇੰਡੀਆ ਦੇ ਉਮੀਦਵਰ ਨੂੰ ਵੋਟ ਪਾਓ ਅਤੇ ਹਰ ਪੱਖੋਂ ਹਮਾਇਤ ਕਰੋ। ਇਸ ਮੌਕੇ ਆਮ ਲੋਕ, ਨਰੇਗਾ ਮਜ਼ਦੂਰ, ਸਮੁੱਚੀ ਸੀ ਪੀ ਆਈ ਬਰਾਂਚ ਛੱਤਿਆਣਾ ਅਤੇ ਵਧੇਰੇ ਗਿਣਤੀ ਵਿੱਚ ਔਰਤਾਂ ਵੀ ਹਾਜ਼ਰ ਸਨ।

ਆਸਟ੍ਰੇਲੀਆ ਤੋਂ ਆਏ ਨੌਜਵਾਨ ਦੀ ਇਲਾਜ ਦੌਰਾਨ ਮੌਤ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਆਸਟ੍ਰੇਲੀਆ ਤੋਂ ਆਏ ਇੱਕ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋਣ ਦਾ ਪਤਾ ਲੱਗਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਿਸਾਨ ਪਰਵਾਰ ਨਾਲ ਸਬੰਧਤ ਨਿਰਮਲਜੀਤ ਸਿੰਘ ਨਿੰਮਾ (28) ਪੁੱਤਰ ਗੁਰਜੰਟ ਸਿੰਘ ਵਾਸੀ ਛਾਪਾ 8 ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਲਈ ਮੈਲਬੋਰਨ (ਆਸਟ੍ਰੇਲੀਆ) ਗਿਆ ਸੀ।ਕੁੱਝ ਮਹੀਨੇ ਪਹਿਲਾਂ ਪੇਟ 'ਚ ਅਚਾਨਕ ਤੇਜ਼ ਦਰਦ ਹੋਣ ਤੋਂ ਬਾਅਦ ਉਹ ਇਲਾਜ ਕਰਵਾਉਣ ਲਈ ਵਾਪਸ ਪਰਤ ਆਇਆ।ਜਾਂਚ ਦੌਰਾਨ ਪਤਾ ਲੱਗਿਆ ਕਿ ਉਹ ਲੀਵਰ ਦੀ ਬਿਮਾਰੀ ਤੋਂ ਪੀੜਤ ਸੀ, ਜਿਸ ਦੇ ਇਲਾਜ ਲਈ ਉਸ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਭਰਤੀ ਕਰਵਾਇਆ ਗਿਆ ਸੀ।ਇਲਾਜ ਦੌਰਾਨ ਬੁੱਧਵਾਰ ਦੀ ਸ਼ਾਮ ਨੂੰ ਉਹ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਦਾ ਹੋਇਆ ਦਮ ਤੋੜ ਗਿਆ।ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਨਿਰਮਲਜੀਤ ਸਿੰਘ ਅਣਥੱਕ ਮਿਹਨਤੀ ਸੁਭਾਅ ਦਾ ਮਾਲਕ ਸੀ ਤੇ ਉਸ ਦੀ ਮੰਗਣੀ ਕੁੱਝ ਸਮਾਂ ਪਹਿਲਾਂ ਹੀ ਹੋਈ ਸੀ। ਨੌਜਵਾਨ ਨਿਰਮਲਜੀਤ ਸਿੰਘ ਮੌਤ ਦੀ ਖਬਰ ਦਾ ਪਤਾ ਲੱਗਦਿਆਂ ਹੀ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ। ਪਿੰਡ ਛਾਪਾ ਵਿਖੇ ਅੰਤਿਮ ਸੰਸਕਾਰ ਮੌਕੇ ਵੱਡੀ ਗਿਣਤੀ 'ਚ ਲੋਕਾਂ ਨੇ ਮ੍ਰਿਤਕ ਨਿਰਮਲਜੀਤ ਸਿੰਘ ਨੂੰ ਹੰਝੂਆਂ ਭਰੀ ਅੰਤਿਮ ਵਿਦਾਇਗੀ ਦਿੱਤੀ।

ਕਾਤਰਾਂ

ਭਾਰਤੀ ਵਾਯੂ ਸੈਨਾ 'ਚ ਭਰਤੀ ਲਈ ਰਜਿਸਟ੍ਰੇਸ਼ਨ ਸ਼ੁਰੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਭਾਰਤੀ ਵਾਯੂ ਸੈਨਾ ਵਿੱਚ ਮੈਡੀਕਲ ਅਸਿਸਟੈਂਟ (ਏਅਰਮੈਨ) ਲਈ ਭਰਤੀ ਸ਼ੁਰੂ ਹੋਣ ਜਾ ਰਹੀ ਹੈ, ਜਿਸ ਲਈ ਉਮੀਦਵਾਰ 5 ਜੂਨ 2024 ਤੱਕ ਆਨਲਾਈਨ ਰਜਿਸਟ੍ਰੇਸ਼ਨ ਕਰ ਸਕਦੇ ਹਨ।ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਬਿਊਰੋ ਫਿਰੋਜ਼ਪੁਰ ਸ੍ਰੀ ਰਾਜੇਸ਼ ਧੀਮਾਨ ਵੱਲੋਂ ਦਿੱਤੀ ਗਈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਭਰਤੀ ਲਈ ਉਮੀਦਵਾਰ 50 ਪ੍ਰਤੀਸ਼ਤ ਅੰਕਾਂ ਨਾਲ 12ਵੀਂ ਪਾਸ ਹੋਣਾ ਚਾਹੀਦਾ ਹੈ।ਉਨ੍ਹਾ ਦੱਸਿਆ ਕਿ ਉਮੀਦਵਾਰ ਇਸ ਭਰਤੀ ਵਿੱਚ ਭਾਗ ਲੈਣ ਲਈ 05 ਜੂਨ 2024 ਤੱਕ ਵੈੱਬਸਾਈਟ 'ਤੇ ਰਜਿਸਟਰ ਕਰ ਸਕਦੇ ਹਨ।ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਭਰਤੀ ਸਬੰਧੀ ਦਿੱਤੀ ਵੈੱਬਸਾਈਟ 'ਤੇ ਆਪਣੀ ਯੋਗਤਾ ਚੈੱਕ ਕਰਕੇ ਰਜਿਸਟ੍ਰੇਸ਼ਨ ਕਰਨ ਤੇ ਭਰਤੀ ਦਾ ਲਾਭ ਉਠਾਉਣ।ਇਸ ਸਬੰਧੀ ਵਧੇਰੇ ਜਾਣਕਾਰੀ ਲਈ ਉਮੀਦਵਾਰ 94654-74122 'ਤੇ ਸੰਪਰਕ ਕਰ ਸਕਦੇ ਹਨ।

ਸ਼ਹੀਦ ਹੌਲਦਾਰ ਅਵਤਾਰ ਸਿੰਘ ਦੀ ਬਰਸੀ ਅੱਜ

ਮੋਗਾ (ਇਕਬਾਲ ਸਿੰਘ ਖਹਿਰਾ)-ਪਿੰਡ ਕਪੂਰੇ ਦੇ ਸ਼ਹੀਦ ਹੌਲਦਾਰ ਅਵਤਾਰ ਸਿੰਘ ਦੀ 23ਵੀਂ ਬਰਸੀ ਤੇ ਸ਼ਰਧਾਂਜਲੀ ਸਮਾਗਮ 25 ਮਈ ਨੂੰ ਗੁਰਦੁਆਰਾ ਗੋਬਿੰਦਗੜ੍ਹ ਸਾਹਿਬ ਪਿੰਡ ਕਪੂਰੇ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਅਵਤਾਰ ਸਿੰਘ ਦੀ ਬਰਸੀ ਤੇ ਸ਼ਰਧਾਂਜਲੀ ਸਮਾਗਮ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 17 ਮਈ ਤੋਂ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ 25 ਮਈ ਨੂੰ ਠੀਕ ਸਵੇਰੇ 10:30 ਵਜੇ ਪਿੰਡ ਕਪੂਰੇ ਦੇ ਗੁਰਦੁਆਰਾ ਗੋਬਿੰਦਗੜ੍ਹ ਸਾਹਿਬ ਵਿਖੇ ਪਾਏ ਜਾਣਗੇ। ਉਪਰੰਤ ਸਕੂਲ ਵਿੱਚ ਲੱਗੇ ਸ਼ਹੀਦ ਦੇ ਆਦਮ ਕੱਦ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਭਲਕੇ

ਜਗਰਾਉਂ (ਅਮਿਤ ਖੰਨਾ)-ਸਵਰਗਵਾਸੀ ਜੋਗਿੰਦਰ ਸਿੰਘ ਓਬਰਾਏ ਦੀ ਯਾਦ ਵਿੱਚ ਲੋਕ ਸੇਵਾ ਸੁਸਾਇਟੀ ਵੱਲੋਂ 52ਵਾਂ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ 26 ਮਈ ਐਤਵਾਰ ਨੂੰ ਲਾਜਪਤ ਰਾਏ ਡੀਏਵੀ ਕਾਲਜ ਜਗਰਾਉਂ ਵਿਖੇ ਲਗਾਇਆ ਜਾਵੇਗਾ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਇਸ ਕੈਂਪ ਵਿੱਚ ਮੁੱਖ ਮਹਿਮਾਨ ਬਾਬਾ ਸੇਵਾ ਸਿੰਘ ਨਾਨਕਸਰ ਕਲੇਰਾ

25- May Page - 6.qxd 5/24/2024 10:44 PM Page 1

ਭਾਜਪਾ ਹਰਾਓ ਦੇਸ਼ ਬਚਾਓ : ਮੁਲਾਜ਼ਮ ਤੇ ਪੈਨਸ਼ਨਰ ਆਗੂ

ਤਰਨ ਤਾਰਨ (ਪੱਤਰ ਪ੍ਰੇਰਕ) ਕੇਂਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਸਰਕਾਰ ਦੀਆਂ ਪੂੰਜੀਪਤੀਆਂ ਦੇ ਹਿੱਤ ਪਾਲਣ ਵਾਲੀਆਂ ਮਜਦੂਰ ਮੁਲਾਜ਼ਮ ਵਿਰੋਧੀ ਤਾਨਾਸ਼ਾਹੀ ਨੀਤੀਆਂ ਖਿਲਾਫ਼ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾ ਪੱਧਰੀ ਸੱਦੇ 'ਤੇ ਸਥਾਨਕ ਗਾਂਧੀ ਪਾਰਕ ਵਿੱਚ ਬਲਜਿੰਦਰ ਸਿੰਘ ਦੋਬਲੀਆਂ ਦੀ ਪ੍ਰਧਾਨਗੀ ਹੇਠ ਭਰਵੀਂ ਮੀਟਿੰਗ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਕਾਮਰੇਡ ਧਰਮ ਸਿੰਘ ਪੱਟੀ, ਦਵਿੰਦਰ ਸਿੰਘ, ਬਲਜਿੰਦਰ ਕੌਰ, ਸਤਨਾਮ ਸਿੰਘ, ਲਖਵੰਤ ਸਿੰਘ ਦਿਉਲ ਤੋਂ ਇਲਾਵਾ ਗੁਰਪ੍ਰੀਤ ਸਿੰਘ ਰੰਡੀਵਿੰਡ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲੋਕਾਂ ਦੇ ਅਸਲੀ ਮੁੱਦਿਆਂ ਅਨਪੜ੍ਹਤਾ, ਬੇਰੁਜ਼ਗਾਰੀ, ਭੁੱਖਮਰੀ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਅਗਨੀਵੀਰ ਸਕੀਮ ਨੂੰ ਬੰਦ ਕਰਨ ਸਮੇਤ ਮਹਿੰਗਾਈ ਵਰਗੇ ਲੋਕਾਂ ਦੇ ਮਸਲਿਆਂ ਨੂੰ ਤਿਲਾਂਜਲੀ ਦੇ ਕੇ ਫਾਸ਼ੀਵਾਦ ਦੇ ਨਾਅਰੇ ਲਗਾ ਕੇ ਸਮਾਜ ਵਿੱਚ ਵੰਡੀਆਂ ਪਾਉਣ ਦੀ ਨੀਤੀ 'ਤੇ ਚੱਲ ਕੇ ਦੇਸ਼ ਦੇ ਟੋਟੇ ਕਰਕੇ ਹਿੰਦੂ ਰਾਸ਼ਟਰ ਬਣਾਉਣ ਲਈ ਪੱਬਾਂ ਭਾਰ ਹੋ ਕਿ ਮੁੜ ਦੇਸ਼ ਦੀ ਸੱਤਾ ਸੰਭਾਲਣ ਦੇ ਰਾਹ ਪਈ ਫਿਰਕੂਪੁਣੇ ਦੀਆਂ ਹੱਦਾਂ ਪਾਰ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਮੁਲਾਜ਼ਮ ਤੇ ਪੈਨਸ਼ਨਰ ਮੂੰਹ ਨਹੀਂ ਲਗਾਉਣਗੇ । ਇਸ ਲਈ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਭਾਜਪਾ ਹਰਾਉ ਦੇਸ਼ ਬਚਾਓ ਅਤੇ ਭਗਵੰਤ ਮਾਨ ਨੂੰ ਸਬਕ ਸਿਖਾਓ ਦੇ ਨਾਅਰੇ ਹੇਠ ਵੋਟ ਦੀ ਤਾਕਤ ਦਾ ਇਸਤੇਮਾਲ ਕਰਨਗੇ।

Shri Guru Ravidass Temple (Foleshill)
475 Foleshill Road, Foleshill, Coventry, CV6 5AQ
email sgr.475coventry@hotmail.com

Job Title : Religious Worker Job Description
Location : Shri Guru Ravidas Ji Temple Foleshill
475 Foleshill Road, Foleshill, Coventry, CV6 5AQ
The Applicant is required to :
Have Knowledge of the mission, teachings and the philosophy of Shri Guru Ravidass Ji. Be Fluent in Speaking, reading and writing Punjabi. Have Knowledge and be able to read the Gurbani in the Guru Granth Sahib Ji Change the bedding on which the Guru Granth Sahib Ji is Kept as and when required. Maintain a clean and tidy Darbar Sahib (Main prayer hall) and Sachkhand Sahib (residence for holy scriptures). Be able to play traditional musical instruments and take part in Kirtan (Singing of hymns). Assist in the performance of Anand Karaj (Marriage Ceremony) and funeral Service. The Applicant may be required to perform other tasks that can reasonably be expected of a religious worker. Minimum of 10 Hours per week Salary £ 11.44 per hour.
Accommodation is available.
Contact : JR Sahota 00447867972254
Note : The Religious Worker will Report to the Minister of Religion for the Temple who lead the Religious Sub - Committee.

ਉਤਰ ਰੇਲਵੇ
ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ, ਸੀਨੀਅਰ ਮੰਡਲ ਮਕੈਨਿਕਲ ਇੰਜੀਨੀਅਰ, ਉਤਰ ਰੇਲਵੇ, ਡੀਐਮਯੂ ਕਾਰ ਸ਼ੈਡ, ਜਲੰਧਰ ਸ਼ਹਿਰ ਹੇਠਾਂ ਲਿਖਤ ਕੰਮ ਦੇ ਲਈ ਓਈਐਮ ਯਾਨੀ ਮੈਸਰਸ ਐਚ ਵਾਈ ਟੀ ਇੰਜੀਨੀਅਰਿੰਗ ਕੰਪਨੀ ਪ੍ਰਾਈਵੇਟ ਲਿਮਟਿਡ-ਪੁਣੇ (ਯਾ) ਮੈਸਰਸ ਐਚ ਵਾਈ ਟੀ ਇੰਜੀਨੀਅਰਿੰਗ ਕੰਪਨੀ ਪ੍ਰਾਈਵੇਟ ਲਿਮਟਿਡ-ਪੁਣੇ ਦੇ ਅਧਿਕ੍ਰਿਤ ਡੀਲਰ ਤੋਂ ਈ-ਟੈਂਡਰਿੰਗ ਪ੍ਰਣਾਲੀ ਦੇ ਮਾਧਿਅਮ ਨਾਲ ਸਿੰਗਲ ਨਿਵਿਦਾ ਦੀ ਮੰਗ ਕਰਦਾ ਹੈ।

1	ਕੰਮ ਦਾ ਨਾਮ : ਡੀਐਮਯੂ ਕਾਰ ਸ਼ੇਡ ਜਲੰਧਰ ਸ਼ਹਿਰ ਵਿਚ 03 ਸਾਲਾਂ ਦੇ ਲਈ ਓਈਐਮ ਦੇ ਨਾਲ ਏਕਲ ਨਿਵਿਦਾ ਦੇ ਆਧਾਰ ਤੇ ਸੀਐਨਸੀ ਅੰਡਰ ਫਲੋਰ ਵਹੀਲ ਲੇਥ (ਐਨਜੀਯੂਐਫ-30) ਦੇ ਵਿਆਪਕ ਸਲਾਨਾ ਰਖਰਖਾਅ ਅਤੇ ਇਕ ਵਾਰ ਮੁੜ ਕੰਡੀਸ਼ਨਿੰਗ ਦੇ ਕੰਮ ਦਾ ਕਾਂਟਰੈਕਟ।	
2	ਅੰਦਾਜਨ ਲਾਗਤ	ਰੁ. 3,76,41,915.04 (ਰੁ. ਤਿੰਨ ਕਰੋੜ ਛਿਅੱਤਰ ਲਖ ਇਕਤਾਲੀ ਹਜਾਰ ਨੌ ਸੌ ਪੰਦਰਾਂ ਅਤੇ ਚਾਰ ਪੈਸੇ ਕੇਵਲ)
3	ਬਿਆਨਾ ਰਾਸ਼ੀ	ਰੁ. 3,38,200/- (ਰੁ. ਤਿੰਨ ਲਖ ਅਠੱਤੀ ਹਜ਼ਾਰ ਦੋ ਸੌ ਕੇਵਲ)
4	ਨਿਵਿਦਾ ਦੀ ਉਪਲਬਧਤਾ	ਮਿਤੀ 24.05.2024 ਤੋਂ
5	ਨਿਵਿਦਾ ਜਮ੍ਹਾ ਕਰਨ ਦੀ ਅੰਤਮ ਮਿਤੀ ਅਤੇ ਸਮਾਂ	ਮਿਤੀ 14.06.2024 ਨੂੰ 15.00 ਵਜੇ ਤਕ
6	ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ	ਮਿਤੀ 14.06.2024 ਨੂੰ 15.15 ਵਜੇ
7	ਵੈਲੇਡਿਟੀ	ਖੁਲਣ ਦੀ ਮਿਤੀ ਤੋਂ 45 ਦਿਨ ਤਕ
8	ਨਿਵਿਦਾ ਦਾ ਪ੍ਰਕਾਰ	ਏਕਲ ਨਿਵਿਦਾ (ਏਕਲ ਪੈਕੇਟ ਪ੍ਰਣਾਲੀ)
9	ਕੰਮ ਦਾ ਸਮਾਂ	50 ਮਹੀਨੇ
10	ਵੈਬਸਾਈਟ	www.ireps.gov.in

ਨਿਵਿਦਾ ਸੰਖਿਆ-01-2024-25- ਡੀ ਐਮ ਯੂ-ਜਲੰਧਰ ਮਿਤੀ: 24.05.2024 1569/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਜਨਤਕ ਸੂਚਨਾ

ਅਸੀਂ, ਰਵਿੰਦਰ ਕੁਮਾਰ ਪੁੱਤਰ ਸ੍ਰੀ ਨਿਰਮਲ ਚੰਦ ਵਾਸੀ ਧਰਮੂਵਾਲਾ ਮੋਹਰ ਸਿੰਘ ਵਾਲਾ, ਫਾਜ਼ਿਲਕਾ ਮਾਲਕ ਜਾਇਦਾਦ ਮਕਾਨ ਨੰ. 13 ਦਾ ਹਿੱਸਾ, ਸੈਨਿਕ ਵਿਹਾਰ ਢਿੱਲਵਾਂ, ਜਲੰਧਰ ਰਕਬਾ 2 ਮਰਲਾ 81 ਵਰਗ ਫੁੱਟ, ਖਸਰਾ ਨੰ.4//14/4/2,16/1,17/1/3,24/2,25/1,25/2, 25/3,7//2,3,8//4/3,5/1,5/2,15//9/1,5//7 ,8,9,10,11,12,13,14,16,17,18,19,20/2,21,22, 23,24,26,27,7//1/1/2,9//22/2,143,155,9/ /21/2,10//25/2,14//5,6,15,26,15//1,2,3,1 0,11,26 ਜਲੰਧਰ ਵਿਖੇ ਸਥਿਤ ਦੇ ਅਸਲੀ ਦਸਤਾਵੇਜ਼ ਬੈਨਾਮਾ ਨੰ. 10001 ਮਿਤੀ 15/12/2017 ਨੂੰ ਗੁਮਾਚ ਗਏ ਹਨ। ਜੇਕਰ ਕਿਸੇ ਵਿਅਕਤੀ ਨੂੰ ਲੱਭਦੇ ਹਨ ਜਾਂ ਇਨਾਂ 'ਤੇ ਕੋਈ ਇਤਰਾਜ਼ ਹੈ ਤਾਂ ਉਹ ਬੈਂਕ/ਐਡਵੋਕੇਟ ਨੂੰ ਇਸ ਇਸ਼ਤਿਹਾਰ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ।
(ਐਡਵੋਕੇਟ) ਸ੍ਰੀ ਵਿਕਾਸ ਸੂਦ.
ਮੋ. 98140-94356 ਅਤੇ ਐੱਲ ਆਈ ਸੀ ਹਾਊਸਿੰਗ ਫਾਇਨਾਂਸ ਲਿਮਟਿਡ ਜਲੰਧਰ ਏਰੀਆ ਦਫਤਰ ਨੰ. 0181-5002940-47

COURT NOTICE

(U/o 5 Rule 20 CPC)
In the Court of
Sh. Atul Kamboj
Civil Judge, (Senior Division)
Patiala
CNR No. PBPT02-001695-2024
Next Date :- 24-07-2024
Raj Rani
Vs.
General Public
Publication Issued To :
General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 24.07.2024 at 10:00 A.M.

For details logon to https://highcourtchd.gov.in/?trs=district_notice&district=Patiala

Civil Judge (Senior Division), Patiala
Dated this day of 23-05-2024

ਪਬਲਿਕ ਨੋਟਿਸ

ਮੈਂ ਸਰਬਜੀਤ ਸਿੰਘ ਪੁੱਤਰ ਰੇਸ਼ਮ ਸਿੰਘ Election Commission ਦੀਆਂ ਹਦਾਇਤਾਂ ਅਨੁਸਾਰ ਬਿਆਨ ਕਰਦਾ ਹਾਂ ਕਿ ਮੇਰੇ ਉੱਪਰ ਥਾਣਾ ਮੇਹਟੀਆਣਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ 30.03.2023 ਨੂੰ U/s 279, 212, 201, 109, 120B, IPC Sec. 25 (1) A, 27/54/59 of ARMS ACT ਤਹਿਤ FIR No. 19 ਦਰਜ ਹੈ ਤੇ ਇਹ ਕੇਸ REMP/221/2023 ਹੁਣ ਮਾਣਯੋਗ ਸ੍ਰੀਮਤੀ ਹਰਜਿੰਦਰ ਕੌਰ JMIC, ਹੁਸ਼ਿਆਰਪੁਰ ਦੀ ਅਦਾਲਤ 'ਚ ਚੱਲ ਰਿਹਾ ਹੈ। ਇਸ ਤੋਂ ਇਲਾਵਾ ਮੇਰੇ 'ਤੇ ਕੋਈ ਹੋਰ ਕੇਸ ਨਹੀਂ ਹੈ।

ਸਰਬਜੀਤ ਸਿੰਘ
ਉਮੀਦਵਾਰ ਸ਼੍ਰੋਮਣੀ ਅਕਾਲੀ ਦਲ (ਅ), ਲੋਕ ਸਭਾ ਹਲਕਾ ਜਲੰਧਰ।

Format C-1

Declaration about criminal cases

(As per the judgment dated 25* September, 2018, of Hon'ble Supreme Court in WP (Civil) No. 536 of 2011 (Public Interest Foundation & Ors. Vs. Union of India &Anr.)

Name and address of candidate : PAWAN KUMAR TINU
Name of political party : AAM AADMI PARTY
(Independent candidates should write "Independent" here)
Name of Election : GENERAL PARLIAMENT 2024 (HOUSE OF PEOPLE)
***Name of Constituency : 04-JALANDHAR (SC)**

-I PAWAN KUMAR TINU (name of candidate), a candidate for the abovementioned election, declare for public information the following details about my criminal antecedents:

(A) Pending Criminal Cases

Sr No	Name of Court	Case No. and dated	Status of cases	Sections (s) of Acts concerned and brief description of offence (s)
1	CNR NO. CHCH030282782022 before the Hon'ble Court of 7-Chief Judicial Magistrate	F.I.R NO.87 DATED 06.11.2021, P.S. NORTH CHANDIGARH	CNR NO. CHCH030282782022 case pending before the Hon'ble Court of 7-Chief Judicial Magistrate	SECTIONS 188/186/353/332/34 OF IPC Disobedience of order issued by a public servant, criminal assault
2	The Hon'ble Court of Shri G.S Sekhon, A.C.J.M, S.A.S Nagar, Mohali	F.I.R No. 131 Dated 07.06.2021 P.S. MATAUR, S.A.S NAGAR	CNR NO. PBSA030142392021 before, However, Cancellation Report of F.I.R. No. 131 Dated 07.06.2021 has been submitted by the concerned police before The Hon'ble Court	SECTIONS 188/269/270 OF IPC AND SECTION 51(A) DISASTER MANAGEMENT ACT Disobedience of order issued by a public servant
3	Before the Hon'ble Court of Smt. Ekta Sahota S.D.J.M Nakodar	F.I.R NO. 155 DATED 08.12.2017, P.S. LOHIAN, JALANDHAR	CNR NO. PBJLA10000232022 Case is pending Before the Hon'ble Court of Smt. Ekta Sahota S.D.J.M Nakodar	SECTIONS 145/188/283/431/ 341 OF IPC AND SECTION 8(B) NATIONAL HIGHWAY ACT Disobedience of order issued by a public servant, mischief, obstruction

(B) Details about cases of conviction for criminal offences (Not Convicted)

Sr. No.	Name of Court & date(s) of Order(s)	Description of offence(s) & punishment imposed	Maximum Punishment Imposed
1	Not Convicted	Not Convicted	Not Convicted

***In the case of election to Council of States or election to Legislative Council by MLAs, mention the election concerned in place of name of constituency.**

ਕਲਾਸੀਫਾਈਡ ਇਸ਼ਤਿਹਾਰ

Change of Name

I, Manjit Kaur W/o Nahar Singh R/o Village Paprala, Tehsil & Distt. Ropar, Punjab, India declare that I have changed my name from Manjeet Kaur to Manjit Kaur. (10038)

I, Dimple C/O Navdeep Singh R/O Hno. 31, Guru Amar Dass Nagar Extension, Jalandhar, P.o Grain Market, Punjab- 144008 Have Changed My Name From Dimple To Dimple Dhillon(after Marriage). All Note.

I, Mahinder Singh S/O Nirmal Singh R/O V. Gaddowali, Po. Samipur, Distt.jalandhar, Punjab Have Changed My Name From Mohinder Singh To Mahinder Singh. All Note.

I, Charanjit Kaur W/O Nirmal Singh R/O Athaula, Po.athola, Distt.jalandhar, Punjab Have Changed My Name From Charanjeet Kaur To Charanjit Kaur. All Note.

I Raj Karan Singh Kalsi S/O Rajinder Paul Singh Kalsi R/O H.no. 15-16, Guru Teg Bahadur Enclave, Po. Model Town, Jalandhar,144003 , Punjab, India. I Have Changed My Minor Daughter Name From Rajasvi To Rajasvi Kalsi In Future May Be Known As Rajasvi Kalsi.

I Balbir Singh S/O Surjit Singh Vill Akbarpur Po Begowal Teh Bholath Distt Kapurthala I Have Changed My Name Balbir Singh To Balvir Singh. All Please Note.

I, Gopal Singh S/O. Kundan Singh R/O. Vpo.munda Pind,Tehsil Khadoor Sahib Distt.tarn Taran Have Changed My Name Gopal Singh To Singh Gopal

I, Paramjeet Kaur W/O. Gopal Singh R/O. Vpo.munda Pind,Tehsil Khadoor Sahib, Distt.tarn Taran Have Changed My Name Paramjeet Kaur To Kaur Paramjeet

I, Harjeet Singh S/O Jarnail Singh R/O H-1 Bhalla Colony, Chheharta, Amritsar, Punjab Have Declare That My I Am Known By Two Name's Harjeet Singh And Harjit Singh One And Same Person

I, Ritika Badyal W/O Pardeep Badyal R/O H.no.36/32/2, Kacha Kot O/S Bhandari Gate Batala District Gurdaspur Have Changed My Name Ritika Is My Given Name And Badyal Is My Surname

I, Kishore Singh S/O Sohan Singh R/O Rohela Haji Uttar Ferozepur Have Changed My Name From Kishore Singh To Kishor Singh

I Ishika Sagar Alias Komal Gupta W/O Sandeep Sagar R/O H.no.996/11, Near Guru Nanak Ice Factory, Putlighar, Amritsar Have Changed My Name From Ishika Sagar Alias Komal Gupta To Ishika Sagar And Sagar Is My Sur Name. All Please Note.

I Arshdeep Kaur D/O Ramandeep Singh Sidhu R/O 236-a Ward No 6 Gali Machine Wali Near Devi Dwara Mandir Amritsar Pb 143101 Have Changed My Name To Arshdeep Kaur Sidhu

I, Ranjana Kumari W/O Deepak Kumar R/O H.no.433/12, Gali Parja, Inside Hathi Gate, Amritsar Have Changed My Name From Ranjana Kumari To Ranjana

I, Ashwani Kumar Father Of Sahil Kumar R/O 93, Kot Khalsa, Rodhe Shah Colony Amritsar Have Changed My Son's Name From Sahil To Sahil Kumar

I, Sarbjit Kaur W/O Kuldeep Singh R/O Village Rakh Jhita Rajewal, Po Jhita Kalan Tehsil And District Amritsar Have Changed My Name From Sarbjit Kaur To Sarabjit Kaur.

I, Veena Verma W/o Vijay Kumar R/o 2450, Guru Nanak Nagar, Majitha Road, Gali No. 1, Amritsar, Punjab have changed my name from Veena Verma to Veena Rani.

I Gurpreet Kaur wife of Guramrit Singh Resident of Village Mehma Tehsil & District Ferozepur have Changed my name from Gurpreet Kaur Brar to Gurpreet Kaur pl note.to me

I, Gurjeet Kaur W/O Daljit Singh R/O Kalsian Kalan Distt TarnTaran have changed my name from Gurjeet Kaur to Gurjit Kaur. Concerned note.

I Rajan S/o Malkit Singh R/O H.No 3511/12, Mohalla Gazipur Adampur, Distt. Jalandhar, Punjab have changed my name from Rajan to Rajan Kumar.

I, Bnarsi Lal S/o Gurdev Ram R/o H.No. 468/9, St. No. 12, Mohalla Roop Nagar Distt. Hoshiarpur Punjab have changed my name from Bnarsi Lal to Banarsi Lal. Concerned note.

I, Anu Satija W/o Rohit Kumar R/o H.No.26, Ekta Vihar, 120 Feet Road, Jalandhar have changed my name to Anu after marriage. All concerned please note.

I, Nitika W/o Hunny Kanda R/o H.No. 456, Gali No. 1, Varinder Nagar, Phagwara, Distt. Kapurthala, Punjab, India have changed my name from Nitika to Nitika Kanda after marriage. All concerned please note.

I, Sarabjit Singh S/o S. Harbhajan Singh R/o H.No. 10, Street No. 2, Near Basra Farms, Greater Kailash, Block-A, Batala, Distt. Gurdaspur, Punjab have changed my name from Sarabjit Singh to Sarbjit Singh. Concerned Note.

I, Vishal S/O Harbans Lal R/O VPO Meghowal Doaba Tehsil Garhshankar, Distt. Hoshiarpur, Punjab, India have changed my name Vishal to Singh Vishal.

I, Amarjit Singh S/o Dalip Singh R/o Village Ranipur Kamboan, Tehsil Phagwara, District Kapurthala, Punjab, India declare that my Son Name Arsh deep Singh is out of my control. So I disinherit them from my moveable and immoveable properties. I and my family shall not be held responsible any kind of them. Acts deeds & things.

I, Gurmaij Singh S/o Bachan Singh R/o VPO Uggar Aulakh, Tehsil Ajnala, Distt. Amritsar, Punajb have changed my Name from Gurmaij Singh to Gurmej Singh. Concerned note.

Change of Name

I , Suksham Bala W/O Shri Vinod Kumar, resident of H.No. 65, Sheran Wala Gate, Kapurthala That i have changed my name Suksham Saggar to Suksham Bala, Concerned Note Please.

I, Manisha Sharma w/o Puneet Sharma r/o H.No. 4, St No. 01, National Avenue, Rama Mandi, Po. Dakoha, Jalandhar have changed my given name Manisha & surname as Sharma. All Please Note.

I, Robot s/o William r/o Vill. Talwandi Bhillan, Po. Mustfapur, Distt.Jalandhar have changed my name from Robot to Robot Warraich. All Please Note.

I, Kuldeep Singh s/o Pritam Singh r/o H.No.14, Dashmesh Enclave, Khothran Road, Phagwara, Kapurthala have changed my name to Kuldip Singh. All Please Note.

I, Raman Vatish s/o Kashmiri Lal r/o Vill. Takhar, Po. Sargundi, Distt. Jalandhar have changed my minor son name from Arman Kumar to Armaan Vatish. All Please Note.

I, Gurmit s/o Ram Lal r/o H.No. 39, Simar Enclave, Near Ved Mata Mandir Dhanowali, Jalandhar have added my surname as Gurmit Channi (Surname as Channi) All Please Note.

I, Gurjeet Kaur Kandola w/o Lakhvir Singh r/o Vill. Gahoon, PO. Rakkran Bet, Tehsil Balachaur, SBS Nagar have changed my name to Gurjeet Kaur. All Please Note.

I, Lakhvir Singh Kandola s/o Gurchain Singh r/o Vill. Gahoon, PO. Rakkran Bet, Teh.Balachaur, SBS Nagar have changed my name to Lakhvir Singh. All Please Note.

I, Sukhjinder Singh s/o Lashkar Singh r/o VPO. Surkhpur, Distt. Kapurthala, Punjab have changed my name to Singh Sukhjinder (Surname as Singh) All Please Note.

I, Gurpreet Singh S/o Lakhwinder Singh R/o Village Bhoolpur, Po. Miani, Distt. Hoshiarpur have changed my name from Gurpreet Singh to Singh Gurpreet (Surname as Singh) All Please Note.

I, Gurmeet Kaur W/o Balkar Singh R/o VPO. Talwandi Salhan, Tehsil Dasuya, Distt. Hoshiarpur have changed the spelling of my name from Gurmeet Kaur to Gurmit Kaur. All Please Note.

I, Manjinder Ram S/o Bhag Ram R/o VPO. Khamachon, Distt. SBS Nagar have changed my name from Manjinder Ram to Ram Manjinder (Surname as Ram) All Please Note.

I, Kuljinder Kaur W/o Surinder Pal R/o Vill. Gehal Mazari, PO. Mukandpur, Distt. SBS Nagar have changed my name from Kuljinder Kaur to Kaur Kuljinder (Surname as Kaur) All Please Note.

I, Dimple W/o George Stephon Masih R/o VPO. Madar, Distt. Jalandhar-144025, Punjab have changed my name from Dimple to Dimple Masih. All Please Note.

I, Shivani Sharma W/o Sumit Mehta R/o H.No.117, Near Ram Mandir, VPO.Bhogpur, Distt. Jalandhar-144201, Punjab have changed my name from Shivani Sharma to Shivani. All Please Note.

I, Parveen W/o Dilbag R/o VPO. Zahura, Tehsil Dasuya, Distt.Hoshiarpur-144203, Punjab have changed my name from Parveen to Parveen Kaur. All Please Note.

I, Kanu Priya D/o Manoj Sehgal R/o 81 Dilbagh Nagar, Extension, Grover Colony, Jalandhar from which my first neme in Kanu and surname is Priya. All concern note please.

ਨਾਂਅ ਦੀ ਬਦਲੀ

ਮੈਂ ਅਨੂ ਬਾਲਾ ਪਤਨੀ ਮੇਜਰ ਸਿੰਘ ਪਿੰਡ ਕਰਸੋਲੀ, ਡਾਕਖਾਨਾ ਭਲੱਡ, ਤਹਿਸੀਲ ਜਵਾਲੀ, ਜ਼ਿਲ੍ਹਾ ਕਾਂਗੜਾ (HP) ਮੈਂ ਆਪਣੇ ਪੁੱਤਰ ਅਭਿਸ਼ੇਕ ਦਾ ਨਾਂਅ ਬਦਲ ਕੇ ਅਭਿਸ਼ੇਕ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਡੋਗਰਾ)

ਮੈਂ, ਪਵਨ ਕੁਮਾਰ ਸਿੰਗਲਾ ਪੁੱਤਰ ਓਮ ਪ੍ਰਕਾਸ਼, ਵਾਸੀ ਬਾਬਾ ਬਾਲਕ ਨਾਥ ਵਾਲੀ ਗਲੀ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਪਵਨ ਕੁਮਾਰ ਰੱਖ ਲਿਆ ਹੈ।

ਮੈਂ ਮਨਿੰਦਰਜੀਤ ਸਿੰਘ ਪੁੱਤਰ ਰਤਨ ਸਿੰਘ ਵਾਸੀ ਲੁੱਧਾ ਡਾਕਘਰ ਭਾਗੋਵਾਲ ਤਹਿਸੀਲ ਅਤੇ ਜਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲ ਕੇ ਸਿੰਘ ਮਨਿੰਦਰਜੀਤ ਰੱਖ ਲਿਆ ਹੈ।

ਮੈਂ, ਰੁਪਿੰਦਰ ਕੌਰ ਪੁੱਤਰੀ ਸ੍ਰ. ਅਵਤਾਰ ਸਿੰਘ ਪਤਨੀ ਸਵ. ਸ੍ਰ. ਜਗਜੀਤ ਸਿੰਘ ਬਾਜਵਾ ਵਾਸੀ ਪਿੰਡ ਵੱਜੂਪੁਰ, ਡਾਕ. ਧਾਰੀਵਾਲ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਨੇ ਆਪਣਾ ਨਾਂਅ ਰੁਪਿੰਦਰ ਕੌਰ ਤੋਂ ਬਦਲ ਕੇ ਰੁਪਿੰਦਰ ਕੌਰ ਬਾਜਵਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ, ਰਾਮਜੀ ਦਾਸ ਪੁੱਤਰ ਮੱਘਰ ਰਾਮ ਵਾਸੀ ਮਕਾਨ ਨੰ. ਬੀ/1-422, ਅਨੰਦ ਨਗਰ, ਮਕਸੂਦਾਂ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਿਧੀ ਚੰਦ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਮਨਦੀਪ ਕੌਰ ਪਤਨੀ ਜਤਿੰਦਰ ਸਿੰਘ ਵਾਸੀ ਸਹਿਜ਼ਾਦਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ-143504 ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਸੰਦੇਆ ਸਹੋਤਾ ਅਤੇ ਲੜਕਾ ਅੰਮ੍ਰਿਤਪਾਲ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਸੁਖਬੀਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ 149, ਗਲੀ ਨੰ. 03, ਪੈਟਰੋਲ ਪੰਪ ਦੇ ਸਾਹਮਣੇ ਨਿਊ ਕਪੂਰ ਨਗਰ, ਸੁਲਤਾਨਵਿੰਡ ਰੋਡ ਅੰਮ੍ਰਿਤਸਰ-1, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪਲਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਸੁਖਵੰਤ ਸਿੰਘ ਪੁੱਤਰ ਭਾਗ ਸਿੰਘ ਵਾਸੀ ਪਿੰਡ ਢੰਡ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ

25-MAY-PAGE-7.qxd 5/24/2024 10:48 PM Page 1

ਭਗਵੰਤ ਮਾਨ ਨੇ ਸੀਵਰੇਜ ਮਸਲੇ ਦੇ ਹੱਲ ਦਾ ਦਿੱਤਾ ਭਰੋਸਾ, ਧਰਨਾ ਮੁਲਤਵੀ

ਮਾਨਸਾ (ਆਤਮਾ ਸਿੰਘ ਪਮਾਰ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਾਨਸਾ ਦੇ ਮਾੜੇ ਸੀਵਰੇਜ ਪ੍ਰਬੰਧ 'ਤੇ ਚਿੰਤਾ ਜ਼ਾਹਰ ਕਰਦਿਆਂ ਚੋਣਾਂ ਤੋਂ ਬਾਅਦ ਇਸ ਦੇ ਪੱਕੇ ਹੱਲ ਦਾ ਭਰੋਸਾ ਦਿੱਤਾ।ਉਨ੍ਹਾ ਸਥਾਨਕ ਮਹਿਕ ਹੋਟਲ ਵਿਖੇ ਵਾਇਸ ਆਫ਼ ਮਾਨਸਾ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਤੇ ਬਾਅਦ 'ਚ ਸ਼ਹਿਰ ਦੇ ਰੋਡ ਸ਼ੋਅ ਦੌਰਾਨ ਵੀ ਵਾਇਸ ਆਫ਼ ਮਾਨਸਾ ਦਾ ਜ਼ਿਕਰ ਕਰਦਿਆਂ ਸੀਵਰੇਜ ਦੇ ਪੱਕੇ ਹੱਲ ਦਾ ਜ਼ਿਕਰ ਕੀਤਾ।ਮੁੱਖ ਮੰਤਰੀ ਨੇ ਸੰਸਥਾ ਦੇ ਆਗੂਆਂ ਨੂੰ ਇਸ ਗੰਭੀਰ ਮਸਲੇ 'ਤੇ ਚੋਣਾਂ ਤੋਂ ਬਾਅਦ ਸੀ. ਐੱਮ. ਹਾਊਸ ਚੰਡੀਗੜ੍ਹ ਵਿਖੇ ਮਿਲਣ ਲਈ ਕਿਹਾ।

ਮੁੱਖ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਸੰਸਥਾ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਤੇ ਸੀਨੀਅਰ ਆਗੂ ਡਾ. ਲਖਵਿੰਦਰ ਸਿੰਘ ਮੂਸਾ, ਬਲਵਿੰਦਰ ਸਿੰਘ ਕਾਕਾ, ਹਰਿੰਦਰ ਸਿੰਘ ਮਾਨਸ਼ਾਹੀਆ, ਬਿੱਕਰ ਸਿੰਘ ਮਘਾਣੀਆ, ਐਡਵੋਕੇਟ ਕੇਸਰ ਸਿੰਘ ਧਲੇਵਾਂ, ਵਿਸ਼ਵਦੀਪ ਸਿੰਘ ਬਰਾੜ, ਹਰਦੀਪ ਸਿੰਘ ਸਿੱਧੂ ਹਾਜ਼ਰ ਰਹੇ।ਮੁੱਖ ਮੰਤਰੀ ਮਾਨ ਤੋਂ ਪਹਿਲਾਂ ਲੋਕ ਸਭਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਤੇ ਯੂਥ ਆਗੂ ਚੁਸਪਿੰਦਰਵੀਰ ਸਿੰਘ ਭੁਪਾਲ ਨੇ ਬੱਸ ਸਟੈਂਡ ਚੌਕ ਵਿਖੇ 22 ਦਿਨਾਂ ਤੋਂ ਚੱਲ ਰਹੀ ਭੁੱਖ ਹੜਤਾਲ ਤੇ ਧਰਨਾਕਾਰੀਆਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਵਾਅਦਾ ਕੀਤਾ ਕਿ ਚੋਣਾਂ ਤੋਂ ਬਾਅਦ ਮਾਨਸਾ ਦੇ ਸੀਵਰੇਜ ਦੀ ਗੰਭੀਰ ਸਮੱਸਿਆ ਨੂੰ ਦੋ ਮਹੀਨੇ ਦੇ ਅੰਦਰ ਹੱਲ ਕਰ ਦਿੱਤਾ ਜਾਵੇਗਾ।ਉਨ੍ਹਾ ਕਿਹਾ ਕਿ ਥੋੜਾ ਸਮਾਂ ਲੱਗ ਸਕਦਾ, ਪਰ ਇਸ ਦਾ ਪੱਕਾ ਹੱਲ ਪੰਜਾਬ ਸਰਕਾਰ ਕਰੇਗੀ।ਉਨ੍ਹਾ ਇਹ ਵੀ ਕਿਹਾ ਕਿ ਤੁਹਾਡੀ ਮੰਗ 'ਤੇ ਸੀਵਰੇਜ ਦੇ ਆਰਜ਼ੀ ਪ੍ਰਬੰਧ ਲਈ ਆਧੁਨਿਕ ਮਸ਼ੀਨਾਂ ਮੰਗਵਾ ਕੇ ਪੂਰੇ ਸ਼ਹਿਰ 'ਚ ਸਫਾਈ ਦਾ ਪ੍ਰਬੰਧ ਸ਼ੁਰੂ ਕਰ ਦਿੱਤਾ ਗਿਆ ਹੈ। ਵਾਇਸ ਆਫ਼ ਮਾਨਸਾ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਦੀ ਅਗਵਾਈ 'ਚ ਨੁਮਾਇੰਦਿਆਂ ਨੇ ਲਿਖਤੀ ਰੂਪ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਪ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦੇ ਧਿਆਨ ਵਿੱਚ ਲਿਆਂਦਾ ਕਿ ਮਾਨਸਾ ਦੇ ਮਾੜੇ ਸੀਵਰੇਜ ਸਿਸਟਮ ਕਾਰਨ ਸ਼ਹਿਰੀ ਨਰਕ ਵਰਗੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਉਨ੍ਹਾਂ ਦੱਸਿਆ ਕਿ ਮਾਨਸਾ ਸ਼ਹਿਰ ਦਾ ਅਜਿਹਾ ਕੋਈ ਵਾਰਡ, ਮਹੱਲਾ ਨਹੀਂ ਜਿੱਥੇ ਸੀਵਰੇਜ ਦਾ ਗੰਦਾ ਪਾਣੀ ਨਾ ਹੋਵੇ, ਸ਼ਹਿਰ ਵਿੱਚੋਂ ਸੀਵਰੇਜ ਦੇ ਪਾਣੀ ਦਾ ਕੋਈ ਪ੍ਰਬੰਧ ਨਹੀਂ, ਇਸ ਸਬੰਧੀ ਵਾਇਸ ਆਫ ਮਾਨਸਾ ਵੱਲੋਂ ਵਾਰ-ਵਾਰ ਪੰਜਾਬ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਨੂੰ ਇਸ ਦੇ ਪੱਕੇ ਹੱਲ ਲਈ ਲਿਖਤੀ ਬੇਨਤੀ ਪੱਤਰ ਦਿੱਤੇ ਗਏ ਸਨ, ਪਰ ਇਸ ਦੇ ਬਾਵਜੂਦ ਕੋਈ ਹੱਲ ਨਹੀਂ ਹੋਇਆ।ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਯੂਥ ਆਗੂ ਚੁਸਪਿੰਦਰਵੀਰ ਸਿੰਘ ਭੁਪਾਲ, ਇੰਦਰਜੀਤ ਸਿੰਘ ਉੱਭਾ ਨੇ 22ਵੇਂ ਦਿਨ ਭੁੱਖ ਹੜਤਾਲ 'ਤੇ ਬੈਠੇ ਸੋਸ਼ਲਿਸਟ ਪਾਰਟੀ ਇੰਡੀਆ ਦੇ ਵਾਇਸ ਪ੍ਰਧਾਨ ਹਰਿੰਦਰ ਮਾਨਸ਼ਾਹੀਆ, ਸੀਨੀਅਰ ਸਿਟੀਜਨ ਐਸੋਸੀਏਸ਼ਨ ਦੇ ਪ੍ਰਧਾਨ ਬਿੱਕਰ ਸਿੰਘ ਮਘਾਣੀਆ, ਨਰਿੰਦਰ ਸਿੰਘਲ, ਰਤਨ ਲਾਲ ਠੇਕੇਦਾਰ, ਬਾਲਾ ਰਾਮ ਨੂੰ ਜੂਸ ਪਿਲਾ ਕੇ ਧਰਨੇ ਦੀ ਸਮਾਪਤੀ ਕਰਵਾਈ।ਵਾਇਸ ਆਫ ਮਾਨਸਾ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਨੇ ਕਿਹਾ ਕਿ ਧਰਨਾ ਸਿਰਫ ਮੁਲਤਵੀ ਕੀਤਾ ਗਿਆ ਹੈ, ਜੇਕਰ ਸਰਕਾਰ ਵੱਲੋਂ ਦੋ-ਤਿੰਨ ਮਹੀਨਿਆਂ ਦੇ ਅੰਦਰ ਸੀਵਰੇਜ ਦੇ ਪੱਕੇ ਹੱਲ ਲਈ ਕੋਈ ਯੋਜਨਾਬੰਦੀ ਨਹੀਂ ਕੀਤੀ ਜਾਂਦੀ ਤਾਂ ਮੁੜ ਸੰਘਰਸ਼ ਵਿੱਢਿਆ ਜਾਵੇਗਾ।ਉਨ੍ਹਾਂ ਸ਼ਹਿਰ ਦੀਆਂ ਸਾਰੀਆਂ ਧਾਰਮਿਕ, ਸਮਾਜਿਕ, ਰਾਜਨੀਤਕ, ਭਰਾਤਰੀ ਜਥੇਬੰਦੀਆਂ ਵੱਲੋਂ ਸੀਵਰੇਜ ਦੇ ਇਸ ਵੱਡੇ ਘੋਲ ਲਈ ਦਿੱਤੇ ਭਰਵੇਂ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਉਨ੍ਹਾਂ ਦੇ ਸਹਿਯੋਗ ਨਾਲ ਸ਼ਹਿਰ ਦੇ ਵਿਕਾਸ ਤੇ ਹੱਕੀ ਮਸਲਿਆਂ ਲਈ ਅਵਾਜ਼ ਬੁਲੰਦ ਕਰਨ ਦਾ ਵਾਅਦਾ ਕੀਤਾ।

ਧਰਨੇ ਨੂੰ ਵਾਇਸ ਆਫ ਮਾਨਸਾ ਦੇ ਸੀਨੀਅਰ ਆਗੂ ਜਤਿੰਦਰ ਆਗਰਾ, ਸਾਬਕਾ ਅਧਿਕਾਰੀ ਡਾ. ਸੰਦੀਪ ਘੰਡ, ਜਗਸੀਰ ਢਿੱਲੋਂ, ਸਾਬਕਾ ਪੀਸੀਐੱਸ ਅਧਿਕਾਰੀ ਉਮ ਪ੍ਰਕਾਸ਼, ਰਾਜ ਕੁਮਾਰ ਝੁਨੀਰ, ਨਰੇਸ਼ ਬਿਰਲਾ, ਰਾਜ ਜੋਸ਼ੀ, ਨਰਿੰਦਰ ਸ਼ਰਮਾ, ਹਰਜੀਵਨ ਸਰਾਂ, ਕ੍ਰਿਸ਼ਨ ਚੌਹਾਨ, ਡਾ. ਗੁਰਮੇਲ ਕੌਰ ਜੋਸ਼ੀ, ਸੁਖਵਿੰਦਰ ਅੌਲਖ, ਘਨੀ ਸ਼ਾਮ ਨਿੱਕੂ, ਜਗਦੀਪ ਮਾਨਸ਼ਾਹੀਆ, ਸੇਠੀ ਸਿੰਘ ਸਰਾਂ, ਗੁਰਪ੍ਰੀਤ ਸਿੰਘ ਰੇਹੜੀ ਫੜ੍ਹੀ ਯੂਨੀਅਨ, ਲਾਭ ਸਿੰਘ ਸਿੱਧੂ, ਸਤੀਸ਼ ਮਹਿਤਾ, ਸੁਰੇਸ਼ ਕੁਮਾਰ, ਬਾਦਸ਼ਾਹ ਸਿੰਘ, ਪ੍ਰੇਮ ਅੱਗਰਵਾਲ, ਗੁਰਜੰਟ ਚਾਹਲ ਨੇ ਸੰਬੋਧਨ ਕੀਤਾ।

ਨਗਰ ਕੌਂਸਲ ਤੇ ਧੂਰੀ ਵਪਾਰ ਮੰਡਲ ਨੇ ਰੇਲਵੇ ਫਾਟਕਾਂ ਦੇ ਰਸਤੇ 'ਤੇ ਲਵਾਇਆ ਛਾਇਆਮਾਨ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਰੇਲਵੇ ਫਾਟਕ ਬੰਦ ਕਰਨ ਕਾਰਨ ਲੋਕਾਂ ਨੂੰ ਅੱਤ ਦੀ ਗਰਮੀ ਵਿੱਚ ਨਗਰ ਕੌਂਸਲ ਤੇ ਵਪਾਰ ਮੰਡਲ ਨੇ ਛਾਇਆਮਾਨ ਲਵਾ ਕੇ ਰਾਹਤ ਦਿੱਤੀ ਹੈ।ਦੱਸਣਯੋਗ ਹੈ ਕਿ ਧੂਰੀ ਰੇਲਵੇ ਜੰਕਸ਼ਨ ਹੋਣ ਕਾਰਨ ਇਥੇ ਰੇਲ ਗੱਡੀਆ ਦਾ ਆਉਣਾ ਜਾਣਾ ਲੱਗਾ ਰਹਿੰਦਾ ਹੈ ਤੇ ਬਹੁਤਾ ਸਮਾਂ ਸ਼ਹਿਰ ਦੇ ਫ਼ਾਟਕ ਬੰਦ ਰਹਿੰਦੇ ਹਨ।ਅੱਤ ਦੀ ਪੈ ਰਹੀ ਗਰਮੀ ਦੇ ਮੱਦੇਨਜ਼ਰ ਲੋਕਾਂ ਦੀ ਮੁਸ਼ਕਲ ਨੂੰ ਸਮਝਦਿਆਂ ਨਗਰ ਕੌਂਸਲ ਦੇ ਪ੍ਰਧਾਨ ਪੁਸ਼ਪਾ ਰਾਣੀ ਤਾਇਲ, ਸਾਬਕਾ ਪ੍ਰਧਾਨ ਸੰਦੀਪ ਤਾਇਲ ਤੇ ਧੂਰੀ ਵਪਾਰ ਮੰਡਲ ਧੂਰੀ ਦੇ ਪ੍ਰਧਾਨ ਵਿਕਾਸ ਜੈਨ ਨੇ ਲੋਹਾ ਬਜ਼ਾਰ ਵਾਲੀ ਸੜਕ 'ਤੇ ਛਾਇਆਮਾਨ ਲਵਾ ਦਿੱਤੇ ਹਨ ਤਾਂ ਜੁ ਰੇਲਵੇ ਫਾਟਕ ਬੰਦ ਹੋਣ ਕਾਰਨ ਲੋਕਾਂ ਦੀ ਅੱਤ ਦੀ ਗਰਮੀ ਤੋਂ ਕੁੱਝ ਰਾਹਤ ਮਿਲ ਸਕੇ।ਉਨ੍ਹਾਂ ਕਿਹਾ ਕਿ ਜਲਦੀ ਹੀ ਧੂਰੀ ਵਪਾਰ ਮੰਡਲ ਵੱਲੋਂ ਫਾਟਕਾਂ ਦੇ ਆਲੇ ਦੁਆਲੇ ਪਾਣੀ ਦੇ ਕੈਂਪਰਾਂ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਛਾਇਆਮਾਨ ਲੱਗਣ ਨਾਲ ਜਿੱਥੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੇਗੀ, ਉਥੇ ਫਾਟਕ ਬੰਦ ਹੋਣ ਵੇਲੇ ਖੜਨ ਵਿੱਚ ਦਿੱਕਤ ਪੇਸ਼ ਨਹੀਂ ਆਵੇਗੀ।

10 ਕੁਇੰਟਲ ਭੁੱਕੀ ਸਮੇਤ ਟਰੱਕ ਚਾਲਕ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਨਾਕਾਬੰਦੀ ਦੌਰਾਨ ਇੱਕ ਟਰੱਕ ਚਾਲਕ ਦੇ ਕਬਜ਼ੇ 'ਚੋਂ 10 ਕੁਇੰਟਲ ਭੁੱਕੀ ਬਰਾਮਦ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ।ਡੀ.ਐੱਸ.ਪੀ. ਖਮਾਣੋਂ ਦੇਵਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੇ ਆਦੇਸ਼ਾਂ ਅਨੁਸਾਰ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਥਾਣਾ ਖੇੜੀ ਨੌਧ ਸਿੰਘ ਦੀ ਇੱਕ ਪੁਲਸ ਪਾਰਟੀ ਵੱਲੋਂ ਪਿੰਡ ਰਾਏਪੁਰ ਮਾਜਰੀ ਦੇ ਬੱਸ ਅੱਡੇ ਨਜ਼ਦੀਕ ਚੋਣਾਂ ਦੇ ਮੱਦੇਨਜ਼ਰ ਨਾਕਾਬੰਦੀ ਕਰਕੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਸ਼ੱਕ ਦੇ ਆਧਾਰ 'ਤੇ ਟਰੱਕ ਨੰਬਰ ਐੱਚ.ਆਰ.55.ਐੱਸ-4845 ਨੂੰ ਚੈਕਿੰਗ ਲਈ ਰੋਕਿਆ ਗਿਆ, ਜਿਸ ਦੇ ਚਾਲਕ ਨੇ ਪੁਲਸ ਕਰਮਚਾਰੀਆਂ ਵੱਲੋਂ ਪੁੱਛੇ ਜਾਣ 'ਤੇ ਆਪਣੀ ਪਹਿਚਾਣ ਦਰਸ਼ਨ ਸਿੰਘ ਵਾਸੀ ਲੁਧਿਆਣਾ ਹਾਲ ਵਾਸੀ ਗਾਰਡਨ ਕਲੋਨੀ ਮੋਰਿੰਡਾ ਵਜੋਂ ਦੱਸੀ।ਡੀ.ਐੱਸ.ਪੀ. ਦੇਵਿੰਦਰ ਕੁਮਾਰ ਨੇ ਦੱਸਿਆ ਕਿ ਜਦੋਂ ਟਰੱਕ ਦੀ ਤਲਾਸ਼ੀ ਕੀਤੀ ਤਾਂ ਟਰੱਕ ਦੀ ਬਾਡੀ ਵਿੱਚ ਲੋਹੇ ਦੀਆਂ ਪਾਈਪਾਂ ਉੱਪਰ ਲੱਦੇ ਪਲਾਸਟਿਕ ਦੇ ਥੈਲਿਆਂ ਵਿੱਚੋਂ 10 ਕੁਇੰਟਲ ਭੁੱਕੀ ਬਰਾਮਦ ਹੋਈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਖੇੜੀ ਨੌਧ ਸਿੰਘ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਦਰਸ਼ਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਸ ਨੇ ਮੁੱਢਲੀ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਕਿ ਉਹ ਇਹ ਭੁੱਕੀ ਦੀ ਖੇਪ ਝਾਰਖੰਡ ਤੋਂ ਲੈ ਕੇ ਆਇਆ ਸੀ।ਡੀ.ਐੱਸ.ਪੀ. ਨੇ ਦੱਸਿਆ ਕਿ ਦਰਸ਼ਨ ਸਿੰਘ ਦਾ ਅਦਾਲਤ ਪਾਸੋਂ ਰਿਮਾਂਡ ਹਾਸਲ ਕਰਕੇ ਮਾਮਲੇ ਦੀ ਬਾਰੀਕੀ ਨਾਲ ਤਫਤੀਸ਼ ਕੀਤੀ ਜਾਵੇਗੀ।

ਸੁਖਪਾਲ ਖਹਿਰਾ ਦੇ ਹੱਕ 'ਚ ਵਿਸ਼ਾਲ ਰੋਡ ਸ਼ੋਅ

ਸੰਗਰੂਰ (ਪ੍ਰਵੀਨ ਸਿੰਘ)

ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੇ ਹੱਕ ਵਿੱਚ ਕਾਂਗਰਸ ਪਾਰਟੀ ਵੱਲੋਂ ਵਿਸ਼ਾਲ ਰੋਡ ਸ਼ੋਅ ਕੱਢਿਆ ਗਿਆ, ਜਿਸ ਵਿੱਚ ਹਲਕੇ ਦੇ ਹਜ਼ਾਰਾਂ ਦੀ ਗਿਣਤੀ 'ਚ ਕਾਂਗਰਸੀ ਵਰਕਰਾਂ ਨੇ ਉਤਸ਼ਾਹ ਨਾਲ ਭਾਗ ਲਿਆ।

ਸੰਗਰੂਰ ਦੇ ਕਾਲੀ ਦੇਵੀ ਮੰਦਿਰ ਨੇੜਿਓਂ ਆਰੰਭ ਹੋਏ ਇਸ ਰੋਡ ਸ਼ੋਅ ਦੌਰਾਨ ਵੱਡੀ ਗਿਣਤੀ ਕਾਂਗਰਸੀਆਂ ਨੇ ਇੱਕ ਵੱਖਰਾ ਪ੍ਰਭਾਵ ਦਿੱਤਾ।ਮੂਹਰੇ ਨੌਜਵਾਨਾਂ ਦੇ ਮੋਟਰ ਸਾਇਕਲ ਦੀ ਟੋਲੀ ਚੱਲ ਰਹੀ ਸੀ, ਜਿਨ੍ਹਾਂ ਨੇ ਕਾਂਗਰਸ ਦੀਆਂ ਟੀ ਸ਼ਰਟਾਂ ਪਾਈਆਂ ਹੋਈਆਂ ਸਨ ਅਤੇ ਹੱਥਾਂ ਵਿੱਚ ਕਾਂਗਰਸ ਦੇ ਝੰਡੇ ਫੜੇ ਹੋਏ।ਇਸ ਪਿਛੋਂ ਔਰਤਾਂ ਤੇ ਕਾਂਗਰਸੀ ਆਗੂ ਪੈਦਲ ਚੱਲ ਰਹੇ ਸਨ ਅਤੇ ਉਸ ਪਿੱਛੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਇੱਕ ਖੁੱਲ੍ਹੀ ਜੀਪ ਵਿੱਚ ਬੈਠੇ ਸਨ।ਰੋਡ ਸ਼ੋਅ ਦੌਰਾਨ ਸ਼ਹਿਰ ਵਿੱਚ ਥਾਂ-ਥਾਂ 'ਤੇ ਲੋਕਾਂ ਵੱਲੋਂ ਕਾਂਗਰਸੀ ਉਮੀਦਵਾਰ 'ਤੇ ਫੁੱਲਾਂ ਦੀ ਵਰਖ਼ਾ ਕੀਤੀ ਗਈ ਅਤੇ ਉਨ੍ਹਾਂ ਦੇ ਗਲਾਂ ਵਿੱਚ ਹਾਰ ਪਾਏ ਗਏ।ਕਈ ਕਿਲੋਮੀਟਰ ਲੰਮੇ ਇਸ ਰੋਡ ਸ਼ੋਅ ਦੌਰਾਨ ਦੁਕਾਨਦਾਰ ਆਪਣੀਆਂ ਦੁਕਾਨਾਂ 'ਚੋਂ ਬਾਹਰ ਆ ਆ ਕੇ ਸੁਖਪਾਲ ਸਿੰਘ ਖਹਿਰਾ ਨੂੰ ਵਧਾਈਆਂ ਦਿੰਦੇ ਰਹੇ।ਅੱਤ ਦੀ ਗਰਮੀ ਦੇ ਬਾਵਜੂਦ ਕਾਂਗਰਸੀ ਪੂਰੇ ਜੋਸ਼ ਵਿੱਚ ਸਨ।

ਸੁਖਪਾਲ ਸਿੰਘ ਖਹਿਰਾ ਨੇ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੂਰੇ ਹਲਕੇ ਵਿੱਚ ਕਾਂਗਰਸ ਦੀ ਹਨੇਰੀ ਚੱਲ ਰਹੀ ਹੈ।1 ਜੂਨ ਨੂੰ ਲੋਕ ਕਾਂਗਰਸ ਨੂੰ ਰਿਕਾਰਡ ਵੋਟਾਂ ਪਾਉਣਗੇ ਤੇ 4 ਜੂਨ ਦਾ ਨਤੀਜਾ ਕਾਂਗਰਸ ਦੇ ਹੱਕ ਵਿੱਚ ਆਵੇਗਾ।ਉਨ੍ਹਾਂ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਨਕਾਰ ਚੁੱਕੇ ਹਨ ਕਿਉਂਕਿ ਉਹ ਆਪਣੇ ਸਿਧਾਂਤ ਤੇ ਅਸੂਲ ਛੱਡ ਚੁੱਕੇ ਹਨ ਤੇ ਆਮ ਆਦਮੀ ਵਾਲੇ ਹੁਣ ਖ਼ਾਸ ਪਾਰਟੀ ਬਣ ਚੁੱਕੇ ਹਨ।ਇਸ ਮੌਕੇ ਉਨ੍ਹਾਂ ਨਾਲ ਰੋਡ ਸ਼ੋਅ ਵਿੱਚ ਸੁਖਪਾਲ ਸਿੰਘ ਖਹਿਰਾ ਦੇ ਧਰਮ ਪਤਨੀ ਤੇ ਨੂੰਹ ਵਿਰੀਤ ਕੌਰ ਖਹਿਰਾ ਵੀ ਮੌਜੂਦ ਰਹੇ।ਇਹ ਰੋਡ ਸ਼ੋਅ ਬੱਸ ਸਟੈਂਡ ਕੋਲ ਆ ਕੇ ਸਮਾਪਤ ਹੋਇਆ।

ਬੀਬੀ ਗੀਤਇੰਦਰ ਕੌਰ ਨੇ ਮਾਨ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਸੰਸਦ ਮੈਂਬਰ ਸ੍ਰ. ਸਿਮਰਨਜੀਤ ਸਿੰਘ ਮਾਨ ਦੇ ਚੋਣ ਪ੍ਰਚਾਰ ਨੂੰ ਤੇਜ਼ ਕਰਦੇ ਹੋਏ ਸ੍ਰ. ਸਿਮਰਨਜੀਤ ਸਿੰਘ ਮਾਨ ਦੀ ਧਰਮਪਤਨੀ ਬੀਬੀ ਗੀਤਇੰਦਰ ਕੌਰ ਨੇ ਸਰਕਲ ਲੌਂਗੋਵਾਲ ਦੇ ਪਿੰਡਾਂ ਦੀਆਂ ਸੱਥਾਂ ਵਿੱਚ ਚੋਣ ਪ੍ਰਚਾਰ ਕੀਤਾ। ਰੱਤੋਕੇ, ਬੁੱਗਰ, ਲੋਹਾਖੇੜਾ, ਮੰਡੇਰ ਆਦਿ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦੇ ਹੋਏ ਸ੍ਰ. ਸਿਮਰਨਜੀਤ ਸਿੰਘ ਮਾਨ ਦੀ ਜੀਵਨੀ ਤੇ ਸੰਸਦ ਮੈਂਬਰ ਦੇ ਸਮੇਂ ਵਿੱਚ ਕੀਤੇ ਕੰਮਾਂ ਲਈ ਜਿਵੇਂ ਕਿ ਹਲਕਾ ਸੰਗਰੂਰ ਵਿੱਚ ਬਿਜਲੀ ਦਾ ਨਵੀਨੀਕਰਨ, ਜੋਕਿ ਬਿਜਲੀ ਦੀਆਂ ਤਾਰਾਂ ਤੋਂ ਛੁਟਕਾਰਾ, ਬਰਨਾਲਾ ਜ਼ਿਲ੍ਹੇ ਵਿੱਚ ਇੱਕ ਵੱਡੇ ਹਸਪਤਾਲ ਦੀ ਮਨਜ਼ੂਰੀ ਆਦਿ ਕੰਮਾਂ ਦਾ ਜ਼ਿਕਰ ਕੀਤਾ ਅਤੇ ਪਿੰਡ ਲੋਹਾਖੇੜਾ ਵਿਖੇ ਬੀਬੀ ਗੀਤਇੰਦਰ ਕੌਰ ਨੂੰ ਲੱਡੂਆਂ ਨਾਲ ਤੋਲਿਆ ਗਿਆ।ਇਸ ਮੌਕੇ ਬੀਬੀ ਰਾਜਿੰਦਰ ਕੌਰ ਜੈਤੋ, ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ, ਸਤਨਾਮ ਸਿੰਘ, ਸਰਜਾ ਸਿੰਘ ਨੇ ਵੀ ਸੰਬੋਧਨ ਕੀਤਾ।ਇਸ ਸਮੇਂ ਹਰਦੀਪ ਸਿੰਘ ਆਸਟਰੇਲੀਆ, ਜਗਜੀਤ ਸਿੰਘ ਸਮਰਾ, ਸੁਖਚੈਨ ਸਿੰਘ, ਗੁਰਤੇਜ ਸਿੰਘ, ਗੁਰਪ੍ਰੀਤ ਸਿੰਘ, ਕਰਨੈਲ ਸਿੰਘ, ਜਗਸੀਰ ਸਿੰਘ ਜੱਗੀ, ਬਲਵਿੰਦਰ ਸਿੰਘ, ਪ੍ਰਗਟ ਸਿੰਘ ਤੇ ਪਿੰਡ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਜਥੇਦਾਰ ਮਾਹਲਾ ਦੀ ਅਗਵਾਈ 'ਚ ਜ਼ੈਲਦਾਰ ਕੁਲਦੀਪ ਸਿੰਘ ਅਕਾਲੀ ਦਲ 'ਚ ਸ਼ਾਮਲ

ਬਾਘਾ ਪੁਰਾਣਾ (ਮਨੀ ਸਿੰਗਲਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਦੇ ਅਤੀ-ਨਜ਼ਦੀਕੀ ਵਜੋਂ ਜਾਣੇ ਜਾਂਦੇ ਜਥੇਦਾਰ ਤੀਰਥ ਸਿੰਘ ਮਾਹਲਾ ਹਲਕਾ ਇੰਚਾਰਜ ਤੇ ਕੌਮੀ ਜਨਰਲ ਸਕੱਤਰ ਦੀ ਲੋਕਪ੍ਰਿਅਤਾ ਦਿਨੋਂ-ਦਿਨ ਮੋਗਾ ਜ਼ਿਲ੍ਹੇ ਵਿੱਚ ਬੁਲੰਦੀਆਂ ਛੂਹ ਰਹੀ ਹੈ, ਜਿਸ ਕਰਕੇ ਉਨ੍ਹਾਂ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ, ਇਸੇ ਲੜੀ ਵਿੱਚ ਵਾਧਾ

25-MAY-PAGE-8.qxd 5/24/2024 10:43 PM Page 1

ਪੰਜਾਬ ਪੈਨਸ਼ਨਰਜ਼ ਯੂਨੀਅਨ ਨੇ ਸਰਕਾਰ 'ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਨਜ਼ਰ ਅੰਦਾਜ਼ ਕਰਨ ਦਾ ਲਾਇਆ ਦੋਸ਼

ਜਲੰਧਰ/ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ/ਰਾਜੇਸ਼ ਥਾਪਾ) ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ 1680 ਸੈਕਟਰ 22 ਬੀ, ਚੰਡੀਗੜ੍ਹ ਦੀ ਸੂਬਾ ਕਾਰਜਕਾਰਨੀ ਕਮੇਟੀ ਦੀ ਇੱਕ ਮੀਟਿੰਗ ਇੱਥੇ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਵਿਖੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਕਾਰਜਕਾਰੀ ਚੇਅਰਮੈਨ ਅਵਤਾਰ ਸਿੰਘ ਗਗੜਾ, ਜਗਤਾਰ ਸਿੰਘ ਭੁੰਗਰਨੀ ਤੇ ਗੁਰਜੀਤ ਸਿੰਘ ਘੋੜੇਵਾਹ ਸੀਨੀਅਰ ਮੀਤ ਪ੍ਰਧਾ, ਜਨਰਲ ਸਕੱਤਰ ਪ੍ਰੇਮ ਚਾਵਲਾ, ਐਡੀਸ਼ਨਲ ਜਨਰਲ ਸਕੱਤਰ ਸਤਿਆ ਪਾਲ ਗੁਪਤਾ, ਮੁੱਖ ਜੱਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਮੁੱਖ ਸਲਾਹਕਾਰ ਗੁਰਮੇਲ ਸਿੰਘ ਮੈਲਡੇ, ਪਿਰਤਪਾਲ ਸਿੰਘ ਪੰਡੋਰੀ ਵਿੱਤ ਸਕੱਤਰ, ਪ੍ਰੈਸ ਸਕੱਤਰ ਕੁਲਵੰਤ ਸਿੰਘ ਚਾਨੀ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਲਗਾਤਾਰ ਮੁਲਾਜ਼ਮਾ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ, ਪੈਨਸ਼ਨਰਾਂ ਲਈ 2.59 ਦਾ ਗੁਣਾਕ ਲਾਗੂ ਨਹੀਂ ਕੀਤਾ ਜਾ ਰਿਹਾ, ਮਹਿੰਗਾਈ ਭੱਤੇ ਦੀਆਂ 12 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ ਤਿੰਨ ਕਿਸਤਾਂ ਨਹੀਂ ਦਿੱਤੀਆਂ ਜਾ ਰਹੀਆਂ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਨਹੀਂ ਕੀਤੀ ਜਾ ਰਹੀ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਮੁਲਾਜਮ ਅਤੇ ਪੈਨਸ਼ਨਰ ਜਥੇਬੰਦੀਆਂ ਨਾਲ ਗੱਲਬਾਤ ਦੇ ਦਰਵਾਜ਼ੇ ਬੰਦ ਕਰਕੇ ਰੱਖੇ ਹੋਏ ਹਨ ਅਤੇ ਕਈ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਬਾਅਦ ਵਿੱਚ ਮੁਕਰ ਗਏ ਹਨ, ਹੱਕ ਮੰਗਦੇ ਸੰਘਰਸ਼ਸ਼ੀਲ ਲੋਕਾਂ ਤੇ ਪੁਲਿਸ ਲਾਠੀਚਾਰਜ ਕਰਨਾ ਤੇ ਘਰਾਂ ਵਿੱਚ ਨਜ਼ਰਬੰਦ ਕਰਨਾ ਆਦਿ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਵਰਤਾਰਾ ਹਰ ਰੋਜ਼ ਵਾਪਰ ਰਿਹਾ ਹੈ। ਆਗੂਆਂ ਨੇ ਅੱਗੇ ਦੱਸਿਆ ਕਿ ਮੀਟਿੰਗ ਦੌਰਾਨ ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਸੂਬਾ ਕਾਰਜਕਾਰਨੀ ਕਮੇਟੀ ਵਿੱਚ ਹੋਰ ਵਾਧਾ ਕਰਦੇ ਹੋਏ ਪੈਨਸ਼ਨਰ ਆਗੂ ਜਗਮੇਲ ਸਿੰਘ ਪੱਖੋਵਾਲ, ਸਵਰਨ ਸਿੰਘ ਹਠੂਰ, ਨਸੀਬ ਸਿੰਘ ਜੜੋਤ, ਸੁੱਚਾ ਸਿੰਘ ਅਜਨਾਲਾ, ਦਰਸ਼ਨ ਸਿੰਘ ਕਾਲਾ ਅਫਗਾਨਾ (ਸਾਰੇ ਮੀਤ ਪ੍ਰਧਾਨ) ਸੰਤੋਖ ਸਿੰਘ ਜਲੰਧਰ ਜਥੇਬੰਦਕ ਸਕੱਤਰ, ਬਲਰਾਜ ਸਿੰਘ ਭੰਗੂ, ਅੰਗਰੇਜ਼ ਸਿੰਘ ਸ੍ਰੀ ਮੁਕਤਸਰ ਸਾਹਿਬ, ਮਨਜੀਤ ਸਿੰਘ ਗਿੱਲ, ਸੁਰੇਸ਼ ਕੁਮਾਰ ਪਠਾਨਕੋਟ (ਸਾਰੇ ਸਕੱਤਰ) ਭੁਪਿੰਦਰ ਸਿੰਘ ਸੋਖੋ ਪ੍ਰੈਸ ਸਕੱਤਰ, ਗੁਰਬਖਸ਼ ਸਿੰਘ ਢਿੱਲੋ ਸਲਾਹਕਾਰ ਤੇ ਦਰਸ਼ਨ ਸਿੰਘ ਥਰੀਕੇ ਸਹਾਇਕ ਵਿੱਤ ਸਕੱਤਰ, ਸਾਰੇ ਜਿਲਿਆਂ ਦੇ ਪ੍ਰਧਾਨ ਅਤੇ ਜਨਰਲ ਸਕੱਤਰਾਂ ਨੂੰ ਸੂਬਾ ਕਾਰਜਕਾਰਨੀ ਕਮੇਟੀ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਨਿਰਨਾ ਲਿਆ ਗਿਆ ਕਿ 1 ਜੂਨ ਨੂੰ ਲੋਕ ਸਭਾ ਚੋਣਾਂ ਦੌਰਾਨ ਆਪਣੇ ਵੋਟ ਦੇ ਹੱਕ ਦੀ ਵੱਧ ਤੋਂ ਵੱਧ ਵਰਤੋਂ ਕਰਨਗੇ, ਕੇਂਦਰੀ ਹੁਕਮਰਾਨ ਭਾਜਪਾ ਤੇ ਪੰਜਾਬ ਵਿੱਚ ਹੁਕਮਰਾਨ ਆਮ ਆਦਮੀ ਪਾਰਟੀ ਦੀਆਂ ਲਗਾਤਾਰ ਲੋਕ, ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀਆਂ ਕਾਰਨ ਪੰਜਾਬ ਸਰਕਾਰ ਨੂੰ ਤਕੜੀ ਹਾਰ ਦੇ ਕੇ ਸਬਕ ਸਿਖਾਉਣਗੇ ਅਤੇ ਜਮਹੂਰੀ ਤਾਕਤਾਂ ਦੇ ਹੱਥ ਮਜਬੂਤ ਕੀਤੇ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਲਖਵਿੰਦਰ ਸਿੰਘ ਰੋਪੜ, ਸੁਰਿੰਦਰ ਸਿੰਘ ਰੋਪੜ, ਗੁਰਮੀਤ ਚੰਦ ਨਵਾਂ ਸ਼ਹਿਰ, ਗੁਰਪ੍ਰੀਤ ਸਿੰਘ, ਗੁਰਦੀਪ ਸਿੰਘ ਪਠਾਨਕੋਟ, ਬਲਵੰਤ ਸਿੰਘ ਸੰਧੂ ਰਾਜਪਾਲ ਬੇਰੀ , ਗੁਰਤੇਜ ਸਿੰਘ ਬਰਾੜ ਫਿਰੋਜਪੁਰ, ਪੋਹਲਾ ਸਿੰਘ ਬਰਾੜ, ਭੁਪਿੰਦਰ ਸਿੰਘ ਭਿੰਦਾ, ਨਿਰੰਜਨ ਸਿੰਘ ਮੋਗਾ, ਵੇਦ ਪ੍ਰਕਾਸ਼ ਬਟਾਲਾ, ਗੁਰਮੁਖ ਸਿੰਘ ਜਲੰਧਰ, ਕੁਲਵੰਤ ਸਿੰਘ ਅੰਮ੍ਰਿਤਸਰ, ਅਜਮੇਰ ਸਿੰਘ ਮੋਗਾ ਪ੍ਰਮਜੀਤ ਸਿੰਘ ਸਿੰਘ ਜਗਰਾਉਂ, ਜਗਦੀਸ਼ ਸਿੰਘ ਜਗਰਾਉਂ, ਭਗਵਾਨ ਦਾਸ ਹੁਸ਼ਿਆਰਪੁਰ, ਰਮੇਸ਼ ਕੁਮਾਰ ਅੰਮ੍ਰਿਤਸਰ ਤੇ ਵਿਜੇ ਕੁਮਾਰ ਜਲੰਧਰ ਆਦਿ ਸ਼ਾਮਲ ਸਨ।

ਮੁਹਾਲੀ 'ਚ ਗਰੀਨ ਇਲੈਕਸ਼ਨ ਦੇ ਥੀਮ 'ਤੇ ਆਧਾਰਤ ਪੋਲਿੰਗ ਬੂਥ ਬਣਾਏ ਜਾਣਗੇ : ਆਸ਼ਿਕਾ ਜੈਨ

ਮੋਹਾਲੀ, (ਗੁਰਜੀਤ ਬਿੱਲਾ) ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਵੋਟਰਾਂ ਨੂੰ ਪੋਲਿੰਗ ਬੂਥਾਂ ਦੀ ਨਵੀਂ ਅਤੇ ਦਿਲ ਖਿਚਵੀਂ ਦਿੱਖ ਪ੍ਰਦਾਨ ਕਰਨ ਦੇ ਮਕਸਦ ਨਾਲ ਮੁਹਾਲੀ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਪੋਲਿੰਗ ਬੂਥਾਂ ਵੱਲ ਵੋਟਰਾਂ ਦਾ ਧਿਆਨ ਖਿੱਚਣ ਲਈ ਹੋਰ ਕਦਮ ਚੁੱਕੇ ਜਾ ਰਹੇ ਹਨ। ਗਰੀਨ ਇਲੈਕਸ਼ਨ ਅਤੇ ਏਅਰਪੋਰਟ ਮਾਡਲ ਦੇ ਥੀਮ 'ਤੇ ਆਧਾਰਿਤ ਅਤਿ ਆਧੁਨਿਕ ਪੋਲਿੰਗ ਬੂਥ ਸਥਾਪਤ ਕਰਨ ਲਈ ਫ਼ੇਸ 10 ਦੇ ਮਾਨਵ ਮੰਗਲ ਸਕੂਲ ਅਤੇ ਸੈਕਟਰ 79 ਦੇ ਐਮਿਟੀ ਸਕੂਲ ਦਾ ਦੌਰਾ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਮੁੱਖ ਮੰਤਵ ਵੱਧ ਤੋਂ ਵੱਧ ਵੋਟਰਾਂ ਨੂੰ ਲਾਮਬੰਦ ਕਰਨਾ ਹੈ ਤਾਂ ਕਿ ਉਹ ਆਪਣੀ ਵੋਟ ਪਾਉਣ ਲਈ ਅੱਗੇ ਆਉਣ। ਡਿਪਟੀ ਕਮਿਸ਼ਨਰ ਨੇ ਕਿਹਾ, ਸਾਡੇ ਕੋਲ ਜ਼ਿਲ੍ਹੇ ਦੀ ਪਿਛਲੀ ਵਾਰ ਦੀ 63.25 ਦੀ ਔਸਤ ਨੂੰ ਪਾਰ ਕਰਨ ਲਈ 80 ਪ੍ਰਤੀਸ਼ਤ ਦਾ ਟੀਚਾ ਹੈ। ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਵੀਪ ਗਤੀਵਿਧੀਆਂ ਨੇ ਸਾਡੇ ਜ਼ਿਲ੍ਹੇ ਵਿੱਚ ਆਈ ਪੀ ਐਲ ਮੈਚ ਦਿਖਾਉਣ ਤੋਂ ਲੈ ਕੇ ਮਹਿਲਾ ਵਾਕਥੌਨ, ਮੁਫ਼ਤ ਮੂਵੀ ਸ਼ੋਅ, ਵੇਰਕਾ ਦੇ ਦੁੱਧ ਉਤਪਾਦਾਂ, ਘਰੇਲੂ ਗੈਸ ਸਿਲੰਡਰ, ਗਰਮ ਹਵਾ ਦੇ ਗੁਬਾਰੇ, ਬੂਟੇ ਲਗਾ ਕੇ ਹਰਿਆਲੀ ਗਤੀਵਿਧੀਆਂ ਆਦਿ ਰਾਹੀਂ ਸੰਦੇਸ਼ ਫੈਲਾਉਣ ਤੱਕ ਦਾ ਲੰਬਾ ਸਫ਼ਰ ਤੈਅ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋ ਵਿਸ਼ੇਸ਼ ਬੂਥਾਂ ਤੋਂ ਇਲਾਵਾ ਹਰੇਕ ਹਲਕੇ ਵਿੱਚ 10 ਮਾਡਲ ਪੋਲਿੰਗ ਬੂਥ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਗਰੀਨ ਇਲੈਕਸ਼ਨ ਸੰਕਲਪ ਅਧੀਨ ਬੂਥ ਮਾਨਵ ਮੰਗਲ ਸਕੂਲ ਫੇਜ਼ 10 ਵਿਖੇ ਸਥਾਪਿਤ ਕੀਤਾ ਜਾਵੇਗਾ ਜਦਕਿ ਏਅਰਪੋਰਟ ਮਾਡਲ 'ਤੇ ਆਧਾਰਿਤ ਐਮਿਟੀ ਸਕੂਲ ਸੈਕਟਰ 79 ਵਿਖੇ ਬਣਾਇਆ ਜਾਵੇਗਾ।

ਜਦੋਂ ਤੱਕ ਇਨਸਾਫ ਨਹੀਂ ਮਿਲਦਾ ਮ੍ਰਿਤਕ ਦੇਹ ਦਾ ਨਹੀਂ ਕੀਤਾ ਜਾਵੇਗਾ ਸਸਕਾਰ

ਫਿਲੌਰ (ਨਿਰਮਲ) ਵਿਦੇਸ਼ ਦੀ ਧਰਤੀ ਤੇ ਰੋਜੀ ਰੋਟੀ ਕਮਾਉਣ ਗਏ ਗੰਨਾ ਪਿੰਡ ਦੇ ਨੌਜਵਾਨ ਮਹਿੰਦਰ ਦੀ ਏਜੰਟਾਂ ਦੀ ਗਲਤ ਨੀਤੀ ਕਾਰਨ ਮੌਤ ਹੋ ਗਈ ਸੀ। ਪਰਿਵਾਰ ਵੱਲੋਂ ਇਨਸਾਫ਼ ਲੈਣ ਲਈ ਮ੍ਰਿਤਕ ਦੀ ਦੇਹ ਦਾ ਸੰਸਕਾਰ ਨਾ ਕਰਨ ਦਾ ਐਲਾਨ ਕੀਤਾ ਸੀ।ਪੁਲਸ ਵੱਲੋਂ ਕੋਈ ਕਾਰਵਾਈ ਨਾ ਹੁੰਦੀ ਦੇਖ ਪਰਵਾਰ ਵਾਲਿਆਂ ਨੇ ਮੁਠੱਡਾ ਕਲਾਂ ਦੇ ਕ੍ਰਾਂਤੀ ਮੋਹਨ ਨਾਲ ਸਪੰਰਕ ਕਰਕੇ ਡੀ ਐਸ ਪੀ ਦਫ਼ਤਰ ਫਿਲੌਰ ਅੱਗੇ ਧਰਨਾ ਲਗਾ ਦਿੱਤਾ। ਧਰਨਾ ਲੱਗਾ ਦੇਖ ਮੌਕੇ 'ਤੇ ਲੰਘ ਰਹੇ ਮੌਜੂਦਾ ਵਿਧਾਇਕ ਬਿਕਰਮਜੀਤ ਸਿੰਘ ਚੌਧਰੀ ਵੀ ਧਰਨੇ ਵਿੱਚ ਸ਼ਾਮਲ ਹੋਏ ਅਤੇ ਪਰਵਾਰ ਨਾਲ ਦੁੱਖ ਸਾਂਝਾ ਕਰਕੇ ਪ੍ਰਸ਼ਾਸਨ ਨਾਲ ਇਸ ਮਾਮਲੇ ਤੇ ਗੰਭੀਰਤਾ ਨਾਲ ਗੱਲਬਾਤ ਕਰਨ ਦੀ ਗੱਲ ਕੀਤੀ।ਪਰਵਾਰ ਦਾ ਦੋਸ਼ ਸੀ ਕਿ ਇਸ ਮਾਮਲੇ ਵਿੱਚ ਸਾਰੇ ਲੋੜੀਂਦੇ ਲੋਕਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀ, ਸਗੋਂ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਇੱਕ ਵਿਅਕਤੀ ਨੂੰ ਛੱਡ ਵੀ ਦਿੱਤਾ ਗਿਆ ਸੀ।ਇਸ ਮਾਮਲੇ ਨੂੰ ਲੈ ਕੇ ਧਰਨਾਕਾਰੀਆਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਸਮਾਂ ਸੰਸਕਾਰ ਨਹੀਂ ਕਰਨਗੇ, ਜਿਨ੍ਹਾਂ ਚਿਰ ਸਾਰੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ।

ਜਥੇ ਹਰਜਿੰਦਰ ਸਿੰਘ ਲਾਡੀ ਤੇ ਜਥੇ. ਬੂਹ ਸ਼੍ਰੋਮਣੀ ਅਕਾਲੀ ਦਲ ਦੇ ਪੀ ਏ ਸੀ ਮੈਂਬਰ ਨਿਯੁਕਤ

ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਦੇ ਸੀਨੀਅਰ ਅਕਾਲੀ ਆਗੂ ਜਥੇ ਹਰਜਿੰਦਰ ਸਿੰਘ ਲਾਡੀ ਸਾਬਕਾ ਪ੍ਰਧਾਨ ਸਹਿਕਾਰੀ ਸਭਾ ਡਡਵਿੰਡੀ ਤੇ ਜਥੇ ਗੁਰਦਿਆਲ ਸਿੰਘ ਬੂਹ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਰਾਜਸੀ ਮਾਮਲਿਆਂ ਦੀ ਕਮੇਟੀ (ਪੀ.ਏ.ਸੀ.) ਮੈਂਬਰ ਨਿਯੁਕਤ ਕੀਤਾ ਗਿਆ ਹੈ।ਜਿਨ੍ਹਾਂ ਨੂੰ ਨਿਯੁਕਤੀ ਪੱਤਰ ਡਾ. ਦਲਜੀਤ ਸਿੰਘ ਚੀਮਾ ਮੈਂਬਰ ਕੋਰ ਕਮੇਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੌਂਪਿਆ ਗਿਆ।ਸ਼੍ਰੋਮਣੀ ਅਕਾਲੀ ਦਲ ਦੇ ਨਵ ਨਿਯੁਕਤ ਪੀ.ਏ.ਸੀ. ਮੈਂਬਰ ਜਥੇ ਹਰਜਿੰਦਰ ਸਿੰਘ ਲਾਡੀ ਤੇ ਜਥੇ ਗੁਰਦਿਆਲ ਸਿੰਘ ਬੂਹ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਅਸਥਾਨ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਜੀ ਸੁਲਤਾਨਪੁਰ ਲੋਧੀ ਵਿਖੇ ਮੱਥਾ ਟੇਕਿਆ ਤੇ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ।ਇਸ ਸਮੇ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਇੰਜ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਤੇ ਬਾਬਾ ਜਸਪਾਲ ਸਿੰਘ ਨੀਲਾ ਸੁਲਤਾਨਪੁਰ ਲੋਧੀ ਵਾਲੇ ਤੇ ਹੋਰ ਆਗੂ ਸਾਹਿਬਾਨ ਵੀ ਉਚੇਚੇ ਤੌਰ 'ਤੇ ਪਹੁੰਚੇ।ਗੁਰਦੁਆਰਾ ਬੇਰ ਸਾਹਿਬ ਦੇ ਦਫਤਰ ਵਿਖੇ ਮੈਨੇਜਰ ਭਾਈ ਗੁਰਬਖਸ਼ ਸਿੰਘ ਦੀ ਅਗਵਾਈ ਹੇਠ ਮੀਤ ਮੈਨੇਜਰ ਭਾਈ ਚੈਚਲ ਸਿੰਘ ਆਹਲੀ , ਮੀਤ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਫੱਤੂਢੀਗਾ ਤੇ ਮੀਤ ਮੈਨੇਜਰ ਗੁਰਜੀਤ ਸਿੰਘ ਨੇ ਦੋਵੇਂ ਆਗੂਆਂ ਜਥੇ ਹਰਜਿੰਦਰ ਸਿੰਘ ਲਾਡੀ ਤੇ ਜਥੇ ਗੁਰਦਿਆਲ ਸਿੰਘ ਬੂਹ ਦਾ ਗੁਰਦੁਆਰਾ ਬੇਰ ਸਾਹਿਬ ਦੀ ਸੁੰਦਰ ਤਸਵੀਰ ਤੇ ਗੁਰੂ ਬਖਸ਼ਿਸ਼ ਸਿਰੋਪਾਓ ਭੇਟ ਕਰਕੇ ਸਨਮਾਨ ਕੀਤਾ।

ਮੁੱਖ ਮੰਤਰੀ ਭਗਵੰਤ ਮਾਨ ਤਿੰਨ ਕਰੋੜ ਪੰਜਾਬੀਆਂ ਦੀ ਪਸੰਦ-ਗਰਗ

ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਬਿਆਨ 'ਤੇ ਪਲਟਵਾਰ ਕੀਤਾ ਹੈ, ਜਿਸ 'ਚ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ 'ਕਾਗ਼ਜ਼ੀ ਮੁੱਖ ਮੰਤਰੀ' ਕਿਹਾ ਸੀ। ਪਾਰਟੀ ਨੇ ਕਿਹਾ ਕਿ ਪੀਐਮ ਮੋਦੀ ਨੂੰ ਪਹਿਲਾਂ ਆਪਣੀ ਪਾਰਟੀ ਨੂੰ ਦੇਖਣ ਦੀ ਲੋੜ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਹਰ ਸਿਆਸੀ ਪਾਰਟੀ ਭਾਜਪਾ ਵਾਂਗ ਤਾਨਾਸ਼ਾਹ ਹੈ।ਪਾਰਟੀ ਦਫ਼ਤਰ ਤੋਂ ਜਾਰੀ ਬਿਆਨ ਵਿੱਚ 'ਆਪ' ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਕਾਗ਼ਜ਼ੀ ਮੁੱਖ ਮੰਤਰੀ ਨਿਯੁਕਤ ਕਰਨਾ ਭਾਜਪਾ ਦੀ ਸ਼ੈਲੀ ਹੈ। ਮੱਧ ਪ੍ਰਦੇਸ਼ ਵਿੱਚ ਉਨ੍ਹਾਂ ਨੇ ਸ਼ਿਵਰਾਜ ਸਿੰਘ ਚੌਹਾਨ ਦੇ ਚਿਹਰੇ 'ਤੇ ਚੋਣ ਲੜੀ, ਫਿਰ ਉਨ੍ਹਾਂ ਨੇ ਮੋਹਨ ਯਾਦਵ ਨੂੰ ਐਮਪੀ ਦਾ ਸੀਐਮ ਬਣਾ ਦਿੱਤਾ। ਇਸੇ ਤਰ੍ਹਾਂ ਝਾਰਖੰਡ ਅਤੇ ਰਾਜਸਥਾਨ ਵਿੱਚ ਉਨ੍ਹਾਂ ਨੇ ਮੁੱਖ ਮੰਤਰੀ ਦੇ ਅਹੁਦੇ ਲਈ ਵੱਖ-ਵੱਖ ਲੋਕਾਂ ਨੂੰ ਪੇਸ਼ ਕੀਤਾ, ਪਰ ਚੋਣਾਂ ਜਿੱਤ ਕੇ ਉਨ੍ਹਾਂ ਨੇ ਆਪਣਾ 'ਕਾਗ਼ਜ਼ੀ' ਮੁੱਖ ਮੰਤਰੀ ਲੋਕਾਂ 'ਤੇ ਥੋਪ ਦਿੱਤਾ। ਦੂਜੇ ਪਾਸੇ ਆਮ ਆਦਮੀ ਪਾਰਟੀ ਲੋਕਤੰਤਰੀ ਢੰਗ ਨਾਲ ਕੰਮ ਕਰਦੀ ਹੈ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਅਸੀਂ 3 ਕਰੋੜ ਪੰਜਾਬੀਆਂ ਨੂੰ ਪੁੱਛਿਆ ਕਿ ਉਹ ਆਪਣਾ ਮੁੱਖ ਮੰਤਰੀ ਉਮੀਦਵਾਰ ਕਿਸ ਨੂੰ ਦੇਖਣਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੇ ਆਪਣੀਆਂ ਕਾਲ੍ਹਾਂ ਅਤੇ ਟੈਕਸਟ ਸੁਨੇਹਿਆਂ ਰਾਹੀਂ ਭਗਵੰਤ ਮਾਨ ਨੂੰ ਆਮ ਆਦਮੀ ਪਾਰਟੀ ਲਈ ਮੁੱਖ ਮੰਤਰੀ ਦਾ ਚਿਹਰਾ ਚੁਣਿਆ। ਮੁੱਖ ਮੰਤਰੀ ਭਗਵੰਤ ਮਾਨ ਨੂੰ ਤਿੰਨ ਕਰੋੜ ਪੰਜਾਬੀਆਂ ਨੇ ਚੁਣਿਆ ਹੈ। ਇੰਨਾ ਹੀ ਨਹੀਂ ਉਹ ਅਜਿਹੇ ਮੁੱਖ ਮੰਤਰੀ ਹਨ ਜਿਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿੱਚ ਸਭ ਤੋਂ ਵੱਡਾ ਅਤੇ ਇਤਿਹਾਸਕ ਫ਼ਤਵਾ ਮਿਲਿਆ ਹੈ। ਜਨਤਾ ਨੇ ਉਨ੍ਹਾਂ ਨੂੰ 92 ਵਿਧਾਇਕਾਂ ਨਾਲ ਪੰਜਾਬ ਵਿਧਾਨ ਸਭਾ ਵਿੱਚ ਭੇਜਿਆ।ਗਰਗ ਨੇ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਸਭ ਤੋਂ ਚਹੇਤੇ ਮੁੱਖ ਮੰਤਰੀ ਹਨ। ਉਹ ਪੰਜਾਬ ਦੀ ਤਰੱਕੀ ਲਈ ਪੂਰੀ ਲਗਨ ਨਾਲ ਕੰਮ ਕਰ ਰਹੇ ਹਨ ਅਤੇ ਲੋਕ ਵੀ ਉਨ੍ਹਾਂ ਦਾ ਸਾਥ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪੀਐਮ ਮੋਦੀ ਨੂੰ 4 ਜੂਨ ਨੂੰ ਭਗਵੰਤ ਮਾਨ ਲਈ ਪੰਜਾਬੀਆਂ ਦਾ ਪਿਆਰ ਅਤੇ ਸਮਰਥਨ ਦੇਖਣ ਨੂੰ ਮਿਲਣਗੇ।

ਗਰਮੀ ਦੌਰਾਨ ਵੀ ਬੱਚੇ ਤੇ ਗਰਭਵਤੀ ਔਰਤਾਂ ਟੀਕਾਕਰਨ ਤੋਂ ਵਾਂਝੇ ਨਾ ਰਹਿਣ : ਡਾ. ਡੋਗਰਾ

ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ) ਮਮਤਾ ਦਿਵਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗਿਰੀਸ਼ ਡੋਗਰਾ ਨੇ ਵੱਖ-ਵੱਖ ਥਾਵਾਂ 'ਤੇ ਟੀਕਾਕਰਨ ਦਾ ਜਾ

25-MAY-PAGE-9.qxd 5/24/2024 10:03 PM Page 1

ਗਰੀਬ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਮਾਂ ਦਾ ਰੁਤਬਾ ਦਿੱਤਾ : ਭੱਟੀ

ਸੁਲਤਾਨਪੁਰ ਲੋਧੀ (ਰਾਜਵੀਰ ਸਿੰਘ) ਦੇਸ਼ ਵਿਚ ਕਾਂਗਰਸ ਪਾਰਟੀ ਨੇ ਰਾਜ ਨਹੀਂ ਕੀਤਾ ਲੋਕਾਂ ਦੀ ਸੇਵਾ ਕਰਦੀ ਰਹੀ ਹੈ। ਗਰੀਬ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਮਾਂ ਦਾ ਰੁਤਬਾ ਦਿੱਤਾ ਹੋਇਆ ਹੈ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਬਲਾਕ ਸੰਮਤੀ ਵਾਈਸ ਚੇਅਰਮੈਨ ਮੰਗਲ ਸਿੰਘ ਭੱਟੀ ਨੰਬਰਦਾਰ ਬੂੜੇਵਾਲ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਕਹੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਜਦੋਂ ਵੀ ਸੱਤਾ ਵਿਚ ਆਈ ਗਰੀਬ ਲੋਕਾਂ ਨੂੰ ਤੋਹਫਿਆਂ ਦੇ ਰੂਪ ਵਿਚ ਵੱਡੀਆਂ ਗ੍ਰਾਂਟਾਂ ਦੇ ਨਿਵਾਜਿਆ ਸੀ। ਪਿਛਲੇ ਸਮੇਂ ਵਿਚ ਜਦੋਂ ਕਾਂਗਰਸ ਸਰਕਾਰ ਬਣੀ ਤਾਂ ਪੰਜਾਬ ਵਿਚ ਲੋਕਾਂ ਨੂੰ ਬਹੁਤ ਵੱਡੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। 2017 ਤੋਂ 2022 ਤੱਕ ਬਣੀ ਕਾਂਗਰਸ ਸਰਕਾਰ ਦੇ ਅਖੀਰਲੇ ਤਿੰਨਾਂ ਮਹੀਨਿਆਂ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਾਜਪਾ, ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਆਮ ਆਦਮੀ ਪਾਰਟੀ ਨੂੰ ਇਹ ਸਾਬਤ ਕਰ ਦਿੱਤਾ ਸੀ ਕਿ ਆਮ ਆਦਮੀ ਕੀ ਹੁੰਦਾ ਹੈ। ਉਸ ਸਮੇਂ ਚਰਨਜੀਤ ਸਿੰਘ ਚੰਨੀ ਹਰੇਕ ਵਿਅਕਤੀ ਨਾਲ ਫੋਨ ਤੇ ਗੱਲ ਕਰਨ ਉਪਰੰਤ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਤੁਰੰਤ ਨਿਪਟਾਰਾ ਕਰਦੇ ਸਨ। ਚਰਨਜੀਤ ਸਿੰਘ ਚੰਨੀ ਨੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਆ ਰਹੀਆਂ ਸਮੱਸਿਅਵਾਂ ਨੂੰ ਵੀ ਹੱਲ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਪੜ੍ਹਿਆ ਲਿਖਿਆ ਅਤੇ ਸੂਝਵਾਨ ਵਿਅਕਤੀ ਹਨ। ਕਾਂਗਰਸ ਪਾਰਟੀ ਨੇ ਹਲਕਾ ਲੋਕ ਸਭਾ ਜਲੰਧਰ ਤੋਂ ਚਰਨਜੀਤ ਸਿੰਘ ਚੰਨੀ ਨੂੰ ਉਮੀਦਵਾਰ ਐਲਨਿਆ ਹੈ। ਭੱਟੀ ਨੇ ਦੱਸਿਆ ਸੁਲਤਾਨਪੁਰ ਲੋਧੀ ਦੇ ਕਾਂਗਰਸ ਆਗੂਆਂ ਨੇ ਕਿ ਲੱਗਭਗ 10 ਦਿਨਾਂ ਚਰਨਜੀਤ ਸਿੰਘ ਚੰਨੀ ਲਈ ਉਸ ਦੀ ਪਤਨੀ ਨਾਲ ਡੋਰ ਟੋ ਡੋਰ ਚੋਣ ਪ੍ਰਚਾਰ ਕੀਤਾ ਹੈ। ਕਾਰਜ਼ਾਂ ਤੋਂ ਬਹੁਤ ਖੁਸ਼ ਹਨ ਅਤੇ ਉਹ ਇਸ ਵਾਰ ਚਰਨਜੀਤ ਸਿੰਘ ਚੰਨੀ ਨੂੰ ਹੀ ਵੋਟ ਦੇਣਗੇ। ਸਾਨੂੰ ਉਨ੍ਹਾਂ ਨੂੰ ਵੱਧ ਤੋਂ ਵੱਧ ਵੋਟਾਂ ਪਵਾ ਕੇ ਸਾਥ ਦੇਣ ਚਾਹੀਦਾ ਹੈ ਤਾਂ ਜੋ ਉਹ ਜਿੱਤ ਕੇ ਲੋਕ ਸਭਾ ਦਾ ਮੈਂਬਰ ਬਣਾ ਕੇ ਸੰਸਦ ਵਿਚ ਸਾਡੀ ਉਠਾਵਾ।

ਜਸਬੀਰ ਸਿੰਘ ਲਿੱਟਾਂ ਨੂੰ ਕੀਤਾ ਨਜ਼ਰਬੰਦ

ਭੁਲੱਥ, (ਮਨਪ੍ਰੀਤ ਸਿੰਘ)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਕਿਸਾਨ ਆਗੂਆਂ ਵਲੋਂ ਜਲੰਧਰ ਪੀ.ਏ.ਪੀ ਗਰਾਊਂਡ ਵਿਖੇ ਪਹੁੰਚ ਕੇ ਜੋ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 11 ਸਵਾਲ ਕੀਤੇ ਗਏ, ਉਸ ਦੇ ਸਬੰਧ ਵਿੱਚ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਲਿੱਟਾਂ ਨੂੰ ਉਹਨਾਂ ਦੇ ਘਰ 'ਚ ਹੀ ਭੁਲੱਥ ਪਲੁਸ ਵਲੋਂ ਨਜ਼ਰਬੰਦ ਕਰ ਦਿੱਤਾ ਗਿਆ। ਪਰ ਬਾਕੀ ਸਾਰੀ ਜਥੇਬੰਦੀ ਇਕ ਵਜੇ ਗੁਰਦੁਆਰਾ ਗੰਗਸਰ ਸਾਹਿਬ ਕਰਤਾਰਪੁਰ ਵਿਖੇ ਪਹੁੰਚੀ ਅਤੇ 1.30 ਵਜੇ ਕਰਤਾਰਪੁਰ ਚੌਕ ਵਿਖੇ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ। ਫਿਰ ਜਥੇਬੰਦੀ ਵੱਲੋਂ ਪੀ.ਏ.ਪੀ ਗਰਾਊਂਡ ਪਹੁੰਚ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 11 ਸਵਾਲ ਕੀਤੇ।

ਡਾ. ਸੁਭਾਸ਼ ਸ਼ਰਮਾ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਬਹੁਪੱਖੀ ਵਿਕਾਸ ਲਈ ਜਾਰੀ ਕੀਤਾ ਸੰਕਲਪ ਪੱਤਰ

ਮੋਹਾਲੀ : (ਗੁਰਜੀਤ ਬਿੱਲਾ) ਸ੍ਰੀ ਆਨੰਦਪੁਰ ਸਾਹਿਬ ਤੋਂ ਭਾਜਪਾ ਦੇ ਉਮੀਦਵਾਰ ਡਾ. ਸੁਭਾਸ਼ ਸ਼ਰਮਾ ਨੇ ਹਲਕੇ ਦੇ ਸਰਬਪੱਖੀ ਵਿਕਾਸ ਲਈ ਆਪਣਾ ਵਿਜ਼ਨ ਡਾਕੂਮੈਂਟ ਜਾਰੀ ਕੀਤਾ। ਵਿਜ਼ਨ ਡਾਕੂਮੈਂਟ ਜਾਰੀ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੀ ਸੋਚ ਸ੍ਰੀ ਅਨੰਦਪੁਰ ਸਾਹਿਬ ਵਿੱਚ ਪੈਂਦੇ ਸਾਰੇ ਵਿਧਾਨ ਸਭਾ ਹਲਕਿਆਂ ਦਾ ਸਰਬਪੱਖੀ ਵਿਕਾਸ ਕਰਨਾ ਹੈ। ਉਨ੍ਹਾਂ ਕਿਹਾ, ਜੇਕਰ ਇਸ ਹਲਕੇ ਦੀ ਨੁਮਾਇੰਦਗੀ ਕਰਨ ਦਾ ਮੌਕਾ ਦਿੱਤਾ ਗਿਆ ਤਾਂ ਵਿਜ਼ਨ ਡਾਕੂਮੈਂਟ ਲਾਗੂ ਹੋਣ ਨਾਲ ਸ੍ਰੀ ਆਨੰਦਪੁਰ ਸਾਹਿਬ ਪੰਜਾਬ ਦੇ ਸਰਵੋਤਮ ਹਲਕਿਆਂ ਵਿੱਚੋਂ ਇੱਕ ਬਣ ਜਾਵੇਗਾ।

ਡਾ: ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਨੂੰ ਸੈਰ-ਸਪਾਟਾ ਕੇਂਦਰ ਬਣਾਉਣ ਦੇ ਨਾਲ-ਨਾਲ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਯੂ.ਕੇ. ਨਾਲ ਸਿੱਧਾ ਹਵਾਈ ਸੰਪਰਕ ਯਕੀਨੀ ਬਣਾਉਣ ਦਾ ਸੰਕਲਪ ਲਿਆ ਹੈ। ਉਨ੍ਹਾਂ ਕਿਹਾ, ਮੁਹਾਲੀ ਨੂੰ ਅੰਤਰਰਾਸ਼ਟਰੀ ਆਈ ਟੀ ਉਦਯੋਗ ਦਾ ਧੁਰਾ ਬਣਾਉਣ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਵੱਡਾ ਉਦਯੋਗਿਕ ਪ੍ਰੋਜੈਕਟ ਲਿਆਉਣਾ ਉਨ੍ਹਾਂ ਦੀ ਤਰਜੀਹ ਸੂਚੀ ਵਿੱਚ ਹੋਵੇਗਾ। ਸ੍ਰੀ ਆਨੰਦਪੁਰ ਸਾਹਿਬ ਹਲਕੇ ਵਿੱਚ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿੱਚ ਹੋਣ ਵਾਲੇ ਕੰਮਾਂ ਸੰਬੰਧੀ ਮਤਾ ਪੱਤਰ ਦੇ ਮੁੱਖ ਨੁਕਤਿਆਂ ਬਾਰੇ ਹੋਰ ਜਾਣਕਾਰੀ ਦਿੰਦਿਆਂ ਡਾ: ਸ਼ਰਮਾ ਨੇ ਦੱਸਿਆ ਕਿ ਮੁਹਾਲੀ ਵਿੱਚ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਾਲੀਬਾਲ ਅਤੇ ਫੁੱਟਬਾਲ ਖੇਡ ਅਕੈਡਮੀ ਬਣਾਈ ਜਾਵੇਗੀ। ਖਰੜ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਈ-ਸਪੋਰਟਸ ਅਖਾੜੇ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਰੋਪੜ ਵਿੱਚ ਇੱਕ ਕੇਂਦਰੀ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ, ਜੋ ਕਿ ਇੱਕ ਖੋਜ ਕੇਂਦਰ ਵਜੋਂ ਕੰਮ ਕਰੇਗੀ ਅਤੇ ਪੁਰਾਤਨ ਸੰਗੀਤ ਸਾਜ਼ਾਂ, ਕਲਾਕ੍ਰਿਤੀਆਂ ਅਤੇ ਪੰਜਾਬੀ ਸਾਹਿਤ ਨੂੰ ਸੁਰਜੀਤ ਕਰੇਗੀ।

ਡਾ: ਸ਼ਰਮਾ ਨੇ ਮਤਾ ਪੱਤਰ ਵਿੱਚ ਭਰੋਸਾ ਦਿੱਤਾ ਕਿ ਸ੍ਰੀ ਅਨੰਦਪੁਰ ਸਾਹਿਬ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐਮ ਬੀ) ਅਤੇ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (ਐਨ ਐਫ ਐਲ) ਦੀਆਂ ਹਜ਼ਾਰਾਂ ਅਸਾਮੀਆਂ ਤੁਰੰਤ ਭਰੀਆਂ ਜਾਣਗੀਆਂ। ਨਾਲ ਹੀ ਸ੍ਰੀ ਆਨੰਦਪੁਰ ਸਾਹਿਬ ਦੀ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੀ ਇੰਡਸਟਰੀ ਨੂੰ ਮੁੜ ਸੁਰਜੀਤ ਕਰਨ ਲਈ ਕੇਂਦਰ ਤੋਂ ਵਿਸ਼ੇਸ਼ ਪੈਕੇਜ ਲਿਆਂਦਾ ਜਾਵੇਗਾ। ਡਾ: ਸ਼ਰਮਾ ਨੇ ਇਕ ਮਹੱਤਵਪੂਰਨ ਪ੍ਰੋਜੈਕਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਮਤਾ ਪੱਤਰ ਵਿਚ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਕਿ ਸ੍ਰੀ ਚਮਕੌਰ ਸਾਹਿਬ ਵਿਖੇ ਸਤਲੁਜ ਦਰਿਆ 'ਤੇ ਪੁਲ ਬਣਾਇਆ ਜਾਵੇਗਾ, ਜੋ ਮਾਛੀਵਾੜਾ ਨੂੰ ਬਲਾਚੌਰ ਨਾਲ ਜੋੜੇਗਾ। ਮੋਰਿੰਡਾ ਤੋਂ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਰੋਪੜ ਨੂੰ ਜਾਣ ਵਾਲੀਆਂ ਦੋ ਵੱਡੀਆਂ ਸੜਕਾਂ ਦਾ ਨਾਮ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਦੇ ਨਾਂ 'ਤੇ ਰੱਖਿਆ ਜਾਵੇਗਾ। ਡਾ: ਸ਼ਰਮਾ ਨੇ ਇਹ ਵੀ ਐਲਾਨ ਕੀਤਾ ਕਿ ਨਵਾਂਸ਼ਹਿਰ ਵਿੱਚ ਸਰਦਾਰ ਭਗਤ ਸਿੰਘ ਦੇ ਨਾਮ 'ਤੇ ਇੱਕ ਸਰਕਾਰੀ ਮੈਡੀਕਲ ਕਾਲਜ ਅਤੇ ਇੱਕ ਹੁਨਰ ਵਿਕਾਸ ਕੇਂਦਰ ਸਥਾਪਿਤ ਕੀਤਾ ਜਾਵੇਗਾ।

ਡਾ: ਸ਼ਰਮਾ ਨੇ ਕਿਹਾ ਕਿ ਬੰਗਾ ਨੂੰ ਵਿਸ਼ਵ ਪੱਧਰੀ ਬੀ-ਸਪੋਕ ਜੁੱਤੀ ਨਿਰਮਾਣ ਕੇਂਦਰ ਵਜੋਂ ਸਥਾਪਿਤ ਕੀਤਾ ਜਾਵੇਗਾ ਅਤੇ ਕੇਂਦਰ ਦੀ ਭਾਜਪਾ ਸਰਕਾਰ ਇਸ ਕੇਂਦਰ ਵੱਲੋਂ ਤਿਆਰ ਕੀਤੇ ਉਤਪਾਦਾਂ ਨੂੰ ਬਾਜ਼ਾਰ ਤੱਕ ਪਹੁੰਚਾਉਣ ਵਿੱਚ ਮਦਦ ਕਰੇਗੀ। ਉਨ੍ਹਾਂ ਵਾਅਦਾ ਕੀਤਾ, ਬੰਗਾ ਅਤੇ ਨਵਾਂਸ਼ਹਿਰ ਨੂੰ ਰੇਲ ਲਿੰਕ ਨਾਲ ਜੋੜ ਕੇ ਰੇਲ ਸੰਪਰਕ ਵਧਾਇਆ ਜਾਵੇਗਾ। ਡਾ: ਸ਼ਰਮਾ ਨੇ ਅੰਤ ਵਿੱਚ ਕਿਹਾ ਕਿ ਬੰਗਾ ਵਿਧਾਨ ਸਭਾ ਹਲਕੇ ਵਿਚ ਪਲਾਈਵੁੱਡ ਇੰਡਸਟਰੀ ਦਾ ਹੱਬ ਬਣਾਇਆ ਜਾਵੇਗਾ, ਜਿਸ ਨਾਲ ਸਮੁੱਚੇ ਹਲਕੇ ਵਿੱਚ ਕਾਰੋਬਾਰ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਆਈ ਕੇ ਜੀ ਪੀ ਟੀ ਯੂ ਵੱਲੋਂ ਅਕਾਦਮਿਕ ਸੈਸ਼ਨ 2024-25 ਲਈ ਰਜਿਸਟ੍ਰੇਸ਼ਨ ਸ਼ੁਰੂ

ਜਲੰਧਰ (ਸ਼ੈਲੀ ਐਲਬਰਟ) :- ਰਾਜ ਦੀ ਪਹਿਲੀ ਤਕਨੀਕੀ ਸਿੱਖਿਆ ਯੂਨੀਵਰਸਿਟੀ, ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ-ਕਪੂਰਥਲਾ ਨੇ ਅਕਾਦਮਿਕ ਸੈਸ਼ਨ 2024-25 ਲਈ ਕੈਂਪਸ ਦਾਖਲਾ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ । ਯੂਨੀਵਰਸਿਟੀ ਨੇ ਮੁੱਖ ਕੈਂਪਸ ਕਪੂਰਥਲਾ ਅਤੇ ਯੂਨੀਵਰਸਿਟੀ ਦੇ ਅੰਮ੍ਰਿਤਸਰ, ਬਟਾਲਾ, ਹੁਸ਼ਿਆਰਪੁਰ ਅਤੇ ਮੋਹਾਲੀ (ਦੋ ਕੈਂਪਸ) ਕੈਂਪਸਾਂ ਲਈ ਆਨਲਾਈਨ ਚੋਣ ਭਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਯੂਨੀਵਰਸਿਟੀ ਦੇ ਉਪ-ਕੁਲਪਤੀ (ਵਾਈਸ ਚਾਂਸਲਰ), ਪ੍ਰੋ. (ਡਾ.) ਸੁਸ਼ੀਲ ਮਿੱਤਲ ਨੇ ਬੁੱਧਵਾਰ ਨੂੰ ਸੰਭਾਵੀ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਆਮ ਲੋਕਾਂ ਲਈ ਕੈਂਪਸ ਦਾਖਲਾ ਸੂਚਨਾ ਕਿਤਾਬਚਾ ਅਤੇ ਇਨ ਹੈਂਡ ਜਾਣਕਾਰੀ ਪੇਪਰ ਅਤੇ ਦਾਖਲਾ ਕਿਊ.ਆਰ ਕੋਡ ਜਾਰੀ ਕੀਤਾ। ਵਾਈਸ ਚਾਂਸਲਰ ਪ੍ਰੋ.(ਡਾ.) ਮਿੱਤਲ ਨੇ ਦੱਸਿਆ ਕਿ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ ਸਟੇਟ ਟੈਕਨੀਕਲ ਯੂਨੀਵਰਸਿਟੀ ਅਤੇ ਐਫੀਲੀਏਟਿਡ ਕਾਲਜਾਂ ਵਿਚ ਦਾਖਲਿਆਂ ਦਾ ਰੁਝਾਨ ਕਾਫੀ ਵਧਿਆ ਹੈ, ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਵਾਰ ਦਾਖਲਾ ਪ੍ਰਕਿਰਿਆ ਪਿਛਲੇ ਸਾਲਾਂ ਦੇ ਮੁਕਾਬਲੇ ਪਹਿਲਾਂ ਤੋਂ ਸ਼ੁਰੂ ਕਰ ਦਿੱਤੀ ਗਈ ਹੈ । ਡੀਨ ਅਕਾਦਮਿਕ ਅਤੇ ਚੀਫ ਕੋਆਰਡੀਨੇਟਰ ਐਡਮਿਸ਼ਨ ਪ੍ਰੋ (ਡਾ.) ਵਿਕਾਸ ਚਾਵਲਾ ਨੇ ਦੱਸਿਆ ਕਿ ਦਾਖਲਿਆਂ ਸਬੰਧੀ ਸਾਰੀ ਜਾਣਕਾਰੀ ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ www.ptu.ac.in ਅਤੇ ਲਿੰਕ https://admissions.ptu.ac.in 'ਤੇ ਸਾਂਝੀ ਕੀਤੀ ਗਈ ਹੈ। ਇਸ ਮੌਕੇ ਡੀਨ ਕਾਲਜ ਡਿਵੈਲਪਮੈਂਟ ਡਾ. ਬਲਕਾਰ ਸਿੰਘ, ਡੀਨ ਵਿਦਿਆਰਥੀ ਭਲਾਈ ਡਾ. ਗੰਰਵ ਭਾਰਗਵ, ਡੀਨ ਖੋਜ ਅਤੇ ਵਿਕਾਸ ਡਾ. ਹਿਤੇਸ਼ ਸ਼ਰਮਾ, ਵਿੱਤ ਅਫ਼ਸਰ ਡਾ. ਸੁਖਬੀਰ ਵਾਲੀਆ ਵੀ ਹਾਜ਼ਰ ਸਨ ।

ਜੀ ਐੱਨ ਕਾਲਜ ਬੰਗਾ ਵਿਖੇ ਪੋਲਿੰਗ ਸਟਾਫ ਦੀ ਰਿਹਰਸਲ

ਬੰਗਾ (ਅਵਤਾਰ ਕਲੇਰ) ਇੱਕ ਜੂਨ ਨੂੰ ਪੰਜਾਬ ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਤਹਿਤ ਗੁਰੂ ਨਾਨਕ ਕਾਲਜ ਬੰਗਾ ਵਿਖੇ ਮਾਨਯੋਗ ਅਬਜ਼ਰਵਰ ਜਨਰਲ ਹੀਰਾ ਲਾਲ ਅਤੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਚੋਣਕਾਰ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਦੇ ਤਹਿਤ ਪੋਲਿੰਗ ਸਟਾਫ ਦੀ ਦੂਜੀ ਰਿਹਰਸਲ ਹੋਈ।ਉਪ ਮੰਡਲ ਮੈਜਿਸਟਰੇਟ ਕਮ ਸਹਾਇਕ ਰਿਟਰਨਿੰਗ ਅਫਸਰ ਵਿਕਰਮਜੀਤ ਸਿੰਘ ਪੰਥੇ ਦੀ ਅਗਵਾਈ ਹੇਠ ਹੋਈ।ਇਸ ਚੋਣ ਰਿਹਰਸਲ ਦੇ ਦੌਰਾਨ ਜਿੱਥੇ ਪੋਲਿੰਗ ਸਟਾਫ ਨੂੰ ਚੋਣ ਕਰਵਾਉਣ ਦੀਆਂ ਸਾਰੀਆਂ ਤਕਨੀਕਾਂ ਸੰਬੰਧੀ ਜਾਣਕਾਰੀ ਅਤੇ ਟ੍ਰੇਨਿੰਗ ਮੁਹੱਈਆ ਕਰਵਾਈ ਗਈ ਉਥੇ ਹੀ ਏ ਡੀ ਸੀ ਰਾਜੀਵ ਵਰਮਾ ਅਤੇ ਉਪ ਮੰਡਲ ਮੈਜਿਸਟਰੇਟ ਵਿਕਰਮਜੀਤ ਸਿੰਘ ਪੰਥੇ ਐਸ ਡੀ ਐਮ ਬੰਗਾ ਵੱਲੋਂ ਸਮੁੱਚੀ ਪੋਲਿੰਗ ਸਟਾਫ ਨੂੰ ਗਰੀਨ ਇਲੈਕਸ਼ਨ ਕਰਵਾਉਣ ਦੀ ਸਹੁੰ ਚੁਕਾਈ ਗਈ ਅਤੇ ਉਹਨਾਂ ਵੱਲੋਂ ਸਮੁੱਚੇ ਪੋਲਿੰਗ ਸਟਾਫ ਨੂੰ ਲਗਭਗ 2000 ਬੂਟੇ ਵੀ ਵੰਡੇ ਗਏ ਕੁੱਝ ਬੂਟੇ ਉਹਨਾਂ ਨੇ ਗੁਰੂ ਨਾਨਕ ਕਾਲਜ ਬੰਗਾ ਵਿਖੇ ਵੀ ਲਗਵਾਏ।ਇਸ ਮੌਕੇ ਤੇ ਐਸ ਡੀ ਐਮ ਬੰਗਾ ਵਿਕਰਮਜੀਤ ਸਿੰਘ ਪੰਥੇ ਨੇ ਦੱਸਿਆ ਕਿ ਸਾਰੇ ਪੋਲਿੰਗ ਬੂਥਾਂ ਤੇ ਪੌਦੇ ਲਗਾਏ ਜਾ ਰਹੇ ਹਨ ਤਾਂ ਜੋ ਵਾਤਾਵਰਨ ਵਿੱਚ ਵਧ ਰਹੀ ਤਪਸ਼ ਅਤੇ ਚੋਣਾਂ ਦੌਰਾਨ ਹੋਣ ਵਾਲੇ ਗੱਡੀਆਂ ਵਾਹਨਾਂ ਦੇ ਪ੍ਰਦੂਸ਼ਣ ਤੋਂ ਵਾਤਾਵਰਨ ਨੂੰ ਬਚਾਇਆ ਜਾ ਸਕੇ ਉਨਾਂ ਨੇ ਸਟਾਫ ਨੂੰ ਇਸ ਮੌਕੇ ਤੇ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਸਾਰੇ ਬੂਥਾਂ ਦੇ ਉੱਪਰ ਬਾਇਓਡੀ ਗ੍ਰੇਡੇਬਲ ਵਸਤਾਂ ਦਾ ਹੀ ਇਸਤੇਮਾਲ ਕੀਤਾ ਜਾਵੇ ਅਤੇ ਨਾਲ ਹੀ ਜਨਤਾ ਨੂੰ ਵੀ ਗਰੀਨ ਇਲੈਕਸ਼ਨ ਸਬੰਧੀ ਜਾਗਰੂਕ ਕੀਤਾ ਜਾਵੇ। ਉਹਨਾਂ ਵੱਲੋਂ ਵੱਧ ਤੋਂ ਵੱਧ ਬੂਟੇ ਲਗਵਾਉਣ ਲਈ ਬੂਥ ਸਲੂਗਨ ਵੀ ਲਿਖਵਾਏ ਗਏ। ਇਸ ਮੌਕੇ ਤੇ ਤਹਿਸੀਲਦਾਰ ਹਰਮਿੰਦਰ ਸਿੰਘ ਨਾਇਬ ਤਹਿਸੀਲਦਾਰ ਮਨੀ ਮਹਾਜਨ ਅਮਨਦੀਪ ਸਿੰਘ ਚੋਣ ਕਲਰਕ, ਡਾਕਟਰ ਸੁਰਿੰਦਰ ਕੁਮਾਰ ਬਲਾਕ ਨੋਡਲ ਅਫਸਰ, ਮਾਸਟਰ ਰਾਮਜੀਤ, ਅਵਤਾਰ ਸਿੰਘ ਡੀਪੀ, ਪ੍ਰੇਮਪਾਲ ਸਿੰਘ, ਰਵੀ ਸਬਰਵਾਲ, ਅੰਮ੍ਰਿਤਪਾਲ ਸਿੰਘ, ਸਚਿਨ ਸ਼ਰਮਾ, ਰਾਜ ਕੁਮਾਰ, ਦਲਜੀਤ ਸਿੰਘ, ਜਤਿੰਦਰ ਸ਼ਰਮਾ, ਮਨਜੀਤ ਕੁਮਾਰ, ਮਨਦੀਪ ਸਿੰਘ, ਗੁਰਵਿੰਦਰ ਸਿੰਘ ਵੀ ਹਾਜ਼ਰ ਸਨ।

ਭਾਜਪਾ ਨੂੰ ਝਟਕਾ, ਗਿਆਨ ਬਾਂਸਲ ਦੇ ਸਾਥੀ 'ਆਪ' 'ਚ ਸ਼ਾਮਲ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਭਾਜਪਾ 'ਚ ਨਾਰਾਜ਼ਗੀ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ।ਬੁੱਧਵਾਰ ਨੂੰ ਭਾਜਪਾ ਦੇ ਸੀਨੀਅਰ ਮੀਤ ਪ੍ਰਧਾਨ ਗਿਆਨ ਬਾਂਸਲ ਆਪਣੇ ਸਾਥੀਆਂ ਨਾਲ ਭਾਜਪਾ ਨੂੰ ਅਲਵਿਦਾ ਕਹਿ ਕੇ 'ਆਪ' 'ਚ ਸ਼ਾਮਲ ਹੋ ਗਏ। 'ਆਪ' ਵਿੱਚ ਸ਼ਾਮਲ ਹੋਣ 'ਤੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਉਨ੍ਹਾਂ ਦਾ ਤੇ ਉਨ੍ਹਾਂ ਦੇ ਸਾਥੀਆਂ ਦਾ ਸਵਾਗਤ ਕੀਤਾ। ਭਾਜਪਾ ਛੱਡਣ ਦਾ ਕਾਰਨ ਪੁੱਛੇ ਜਾਣ 'ਤੇ ਗਿਆਨ ਬਾਂਸਲ ਨੇ ਸਾਬਕਾ ਕੈਬਨਿਟ ਮੰਤ

25-MAY-PAGE-10.qxd 5/24/2024 10:47 PM Page 1

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦਾ ਚੱਕ ਗਾਂਧਾ ਸਿੰਘ ਵਾਲਾ 'ਚ ਘਿਰਾਓ

ਦੁਬਾਰਾ ਫੇਰ ਪਿੰਡ ਨਾ ਆਉਣ ਦੀ ਸ਼ਰਤ 'ਤੇ ਘਿਰਾਓ ਕੀਤਾ ਸਮਾਪਤ

ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਨੌਜਵਾਨ ਭਾਰਤ ਸਭਾ, ਕਿਰਤੀ ਕਿਸਾਨ ਯੂਨੀਅਨ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਵਿੱਚ ਪਿੰਡ ਚੱਕ ਗਾਂਧਾ ਸਿੰਘ ਵਾਲਾ ਦੇ ਲੋਕਾਂ ਦੁਆਰਾ ਫਿਰੋਜ਼ਪੁਰ ਤੋਂ ਭਾਜਪਾ ਦੇ ਉਮੀਦਵਾਰ ਗੁਰਮੀਤ ਸਿੰਘ ਰਾਣਾ ਸੋਢੀ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਆਏ ਮੁਕਤਸਰ ਤੋਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਗੋਰਾ ਪਠੇਲਾ ਦੀ ਗੱਡੀ ਦਾ ਇੱਕ ਘੰਟਾ ਜ਼ੋਰਦਾਰ ਘਿਰਾਓ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

ਪ੍ਰੈੱਸ ਬਿਆਨ ਜਾਰੀ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਮੰਗਾ ਸਿੰਘ ਅਜ਼ਾਦ, ਕਿਰਤੀ ਕਿਸਾਨ ਯੂਨੀਅਨ ਦੇ ਜਸਪਾਲ ਸਿੰਘ, ਕੰਵਰਜੀਤ ਸਿੰਘ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਸੁਖਪ੍ਰੀਤ ਕੌਰ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੱਤਾ ਗਿਆ ਹੈ, ਜਿਸ ਤਹਿਤ ਪਿੰਡਾਂ ਵਿੱਚ ਭਾਜਪਾ ਖ਼ਿਲਾਫ਼ ਰੋਸ ਪਾਇਆ ਜਾ ਰਿਹਾ ਹੈ ਤੇ ਜਥੇਬੰਦੀਆਂ ਵੱਲੋਂ ਲਗਾਤਾਰ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਕੁਝ ਦਿਨ ਪਹਿਲਾਂ ਪਿੰਡ ਚੱਕ ਗਾਂਧਾ ਸਿੰਘ ਵਾਲਾ ਵਿੱਚ ਰੈਲੀ ਕਰਕੇ ਭਾਜਪਾ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ ਸੀ।ਆਗੂਆਂ ਨੇ ਕਿਹਾ ਕਿ ਭਾਜਪਾ ਦਾ ਜ਼ਿਲ੍ਹਾ ਪ੍ਰਧਾਨ ਗੋਰਾ ਪਠੇਲਾ ਦੇ ਪਿੰਡ ਆਉਣ ਦੀ ਜਿਓਂ ਹੀ ਲੋਕਾਂ ਨੂੰ ਖਬਰ ਮਿਲੀ, ਲੋਕ ਬਰੀਵਾਲਾ ਰੋਡ 'ਤੇ ਇੱਕਠੇ ਹੋ ਗਏ ਤੇ ਭਾਜਪਾ ਦੇ ਆਗੂਆਂ ਦੀ ਗੱਡੀ ਦਾ ਘਿਰਾਓ ਕਰ ਲਿਆ, ਜੋ ਲਗਾਤਾਰ ਇੱਕ ਘੰਟਾ ਜਾਰੀ ਰਿਹਾ।ਬਾਅਦ ਵਿੱਚ ਦੁਬਾਰਾ ਪਿੰਡ ਵਿੱਚ ਭਾਜਪਾ ਦਾ ਪ੍ਰਚਾਰ ਨਾ ਕਰਨ ਆਉਣ ਦੀ ਸ਼ਰਤ 'ਤੇ ਘਿਰਾਓ ਸਮਾਪਤ ਕੀਤਾ ਗਿਆ।ਆਗੂਆਂ ਨੇ ਕਿਹਾ ਕਿ ਜੇਕਰ ਦੁਬਾਰਾ ਭਾਜਪਾਈ ਪਿੰਡ ਪ੍ਰਚਾਰ ਕਰਨ ਆਏ ਤਾਂ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਜਗਜੀਤ ਨਾਬਰ, ਦੀਪੂ, ਸੁਖਦੀਪ ਸੀਪਾ, ਸ਼ਸ਼ੀ ਸ਼ਿੰਦਰਪਾਲ ਸਿੰਘ, ਬੇਅੰਤ ਕੌਰ, ਅਜੇਪਾਲ ਸਿੰਘ, ਕਾਲਾ ਸਿੰਘ, ਵਿੱਕੀ ਸਿੰਘ, ਜਗਦੀਸ਼ ਸਿੰਘ, ਮਨਪ੍ਰੀਤ ਸਿੰਘ, ਰਵੀ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਲੋਕ ਹਾਜ਼ਰ ਸਨ।

ਵੱਖ-ਵੱਖ ਹਾਦਸਿਆਂ 'ਚ 2 ਮਜ਼ਦੂਰਾਂ ਦੀ ਮੌਤ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਦੋ ਵੱਖ-ਵੱਖ ਵਾਪਰੇ ਹਾਦਸਿਆਂ ਵਿੱਚ 2 ਮਜ਼ਦੂਰ ਰਾਹੁਲ ਕੁਮਾਰ ਪੰਡਿਤ ਤੇ ਵਿਨੋਦ ਸ਼ਰਮਾ ਦੀ ਮੌਤ ਹੋ ਗਈ। ਇਕੱਤਰ ਕੀਤੀ ਜਾਣਕਾਰੀ ਮੁਤਾਬਕ ਨੇੜਲੇ ਪਿੰਡ ਗੜ੍ਹੀ ਤਰਖਾਣਾ ਦਾ ਵਾਸੀ ਰਾਹੁਲ ਕੁਮਾਰ ਪੰਡਿਤ, ਜੋ ਕਿ ਵਿਜੈ ਕੁਮਾਰ ਨਾਮਕ ਵਿਅਕਤੀ ਦੇ ਪਸ਼ੂਆਂ ਦੀ ਸਾਂਭ-ਸੰਭਾਲ ਕਰਦਾ ਸੀ। ਉਹ ਕੱਲ੍ਹ ਸ਼ਾਮ ਪਸ਼ੂਆਂ ਦਾ ਦੁੱਧ ਲੈ ਕੇ ਗੜ੍ਹੀ ਤਰਖਾਣਾ ਤੋਂ ਮਾਛੀਵਾੜਾ ਵੱਲ ਨੂੰ ਆ ਰਿਹਾ ਸੀ ਕਿ ਰਸਤੇ ਵਿੱਚ ਇੱਕ ਵਾਹਨ ਨੇ ਉਸ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਉਹ ਸੜਕ 'ਤੇ ਡਿਗ ਕੇ ਜ਼ਖ਼ਮੀ ਹੋ ਗਿਆ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਚੰਡੀਗੜ੍ਹ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਪਵਨਜੀਤ ਸਿੰਘ ਨੇ ਦੱਸਿਆ ਕਿ ਮਜ਼ਦੂਰ ਰਾਹੁਲ ਕੁਮਾਰ ਪੰਡਿਤ ਨੂੰ ਫੇਟ ਮਾਰਨ ਵਾਲੇ ਵਾਹਨ ਦੀ ਪਹਿਚਾਣ ਕਰ ਲਈ ਗਈ ਹੈ ਤੇ ਉਸ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵੱਲੋਂ ਲਾਸ਼ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭੇਜ ਦਿੱਤੀ ਹੈ। ਇਸ ਤੋਂ ਇਲਾਵਾ ਸਥਾਨਕ ਮਹਾਂਵੀਰ ਕਾਲੋਨੀ ਦਾ ਵਾਸੀ ਵਿਨੋਦ ਸ਼ਰਮਾ (45) ਇੱਕ ਮਿਸਤਰੀ ਨਾਲ ਮਜ਼ਦੂਰੀ ਕਰਦਾ ਸੀ ਤੇ ਕੱਲ੍ਹ ਸ਼ਾਮ ਉਹ ਦੂਸਰੀ ਮੰਜ਼ਿਲ 'ਤੇ ਪੈੜ ਉੱਪਰ ਖੜ ਕੇ ਕੰਮ ਕਰ ਰਿਹਾ ਸੀ। ਅਚਾਨਕ ਉਹ ਜ਼ਮੀਨ 'ਤੇ ਆ ਗਿਰਿਆ ਅਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ ਉਹ ਦਮ ਤੋੜ ਗਿਆ। ਪੁਲਸ ਵਲੋਂ ਇਸ ਮਾਮਲੇ ਵਿੱਚ ਲਾਸ਼ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭੇਜ ਦਿੱਤੀ ਹੈ ਤੇ ਧਾਰਾ-174 ਤਹਿਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਮ੍ਰਿਤਕ ਵਿਨੋਦ ਸ਼ਰਮਾ ਆਪਣੇ ਪਿੱਛੇ ਪਤਨੀ ਤੋਂ ਇਲਾਵਾ 2 ਬੱਚੇ ਛੱਡ ਗਿਆ।

ਰੇਲਵੇ ਪੁਲ ਦਾ ਮਸਲਾ ਜਲਦੀ ਹੋਵੇਗਾ ਹੱਲ : ਡਾ. ਗੁਰਪ੍ਰੀਤ ਕੌਰ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਲੋਕ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਦੇ ਹੱਕ ਵਿੱਚ ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮ: (ਕੋਨਵੇਅਰ) ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਦੇ ਗ੍ਰਹਿ ਵਿਖੇ ਆਯੋਜਤ ਚੋਣ ਜਲਸੇ ਵਿੱਚ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਤੇ ਭੈਣ ਮਨਪ੍ਰੀਤ ਕੌਰ ਨੇ ਕਿਹਾ ਕਿ ਧੂਰੀ ਦੇ ਰੇਲਵੇ ਫਾਟਕਾਂ 'ਤੇ ਬਣਨ ਵਾਲੇ ਅੰਡਰ ਬਰਿੱਜ ਜਾਂ ਓਵਰ ਬਰਿੱਜ ਦਾ ਮਸਲਾ ਜਲਦੀ ਹੀ ਹੱਲ ਹੋਵੇਗਾ, ਕਿਉਂਕਿ ਸਰਕਾਰ ਇਸ 'ਤੇ ਸੰਜੀਦਗੀ ਨਾਲ ਕੰਮ ਕਰ ਰਹੀ ਹੈ ਅਤੇ ਜਲਦੀ ਹੀ ਪੁਲ ਦੀ ਉਸਾਰੀ ਸ਼ੁਰੂ ਹੋਵੇਗੀ।ਉਨ੍ਹਾਂ ਕਿਹਾ ਕਿ ਜਿਹੜੇ ਕੰਮ ਪਿਛਲੇ 70 ਸਾਲਾਂ ਵਿੱਚ ਨਹੀਂ ਹੋਏ, ਉਸ ਨੂੰ ਮਾਨ ਸਰਕਾਰ ਨੇ ਮਹਿਜ਼ ਦੋ ਸਾਲਾਂ ਵਿੱਚ ਕਰਕੇ ਦਿਖਾਇਆ ਹੈ।ਉਨ੍ਹਾਂ ਕਿਹਾ ਕਿ ਧੂਰੀ ਸ਼ਹਿਰ ਦੇ ਵਿੱਚੋਂ ਲੰਘਦੇ ਰਜਵਾਹੇ ਨੂੰ ਛੱਤਣ ਦਾ ਕੰਮ ਜਿੱਥੇ 33 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋ ਗਿਆ ਹੈ, ਉਥੇ 22 ਕਰੋੜ ਰੁਪਏ ਦੀ ਲਾਗਤ ਨਾਲ ਸਿਵਲ ਹਸਪਤਾਲ ਦਾ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ 2012 ਦੀਆਂ ਚੋਣਾਂ ਵਿੱਚ ਧੂਰੀ ਤੋਂ ਵਿਧਾਇਕ ਜਿੱਤਣ ਦੇ ਬਾਵਜੂਦ ਅਰਵਿੰਦ ਖੰਨਾ ਧੂਰੀ ਛੱਡ ਕੇ ਚਲਿਆ ਗਿਆ ਸੀ ਤੇ ਹੁਣ ਧੂਰੀ ਵਾਸੀ ਉਸ ਨੂੰ ਭਜਾਉਣ ਲਈ ਉਤਾਵਲੇ ਹਨ।ਉਨ੍ਹਾਂ ਬੀਬੀਆਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਬੀਆਂ ਦੇ ਖਾਤਿਆਂ ਵਿੱਚ 1000 ਰੁਪਏ ਪ੍ਰਤੀ ਮਹੀਨਾ ਪਾਉਣ ਲਈ ਸਾਰਾ ਖਾਕਾ ਤਿਆਰ ਕਰ ਲਿਆ ਹੈ ਤੇ ਜਲਦੀ ਹੀ ਬੀਬੀਆਂ ਦੇ ਖਾਤੇ ਵਿੱਚ ਇਹ ਪੈਸੇ ਆਉਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੀ ਦਿੱਤੀ ਹਰੇਕ ਗਾਰੰਟੀ ਜਰੂਰ ਪੂਰੀ ਕਰੇਗੀ, ਬੱਸ ਕੁੱਝ ਦੇਰ ਜਰੂਰ ਹੋ ਸਕਦੀ ਹੈ।ਉਨ੍ਹਾਂ ਧੂਰੀ ਵਾਸੀਆਂ ਨਾਲ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਉਹ ਧੂਰੀ ਵਾਸੀਆਂ ਦਾ ਕਰਜ਼ਾ ਵੀ ਉਤਾਰ ਨਹੀਂ ਸਕਦੇ।

ਸੁਰਿੰਦਰ ਪਾਲ ਸ਼ਰਮਾ ਬਣੇ ਬੁੱਧੀਜੀਵੀ ਵਿੰਗ ਦੇ ਸਕੱਤਰ

ਨਾਭਾ (ਵਰਿੰਦਰ ਵਰਮਾ)-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਾਭਾ ਸ਼ਹਿਰ ਦੇ ਇੰਪਰੂਵਮੈਂਟ ਟਰੱਸਟ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਦੀ ਪਾਰਟੀ ਲਈ ਦਿਨ-ਰਾਤ ਕੀਤੀ ਸੇਵਾ ਨੂੰ ਵੇਖਦੇ ਹੋਏ ਉਸ ਨੂੰ ਪੰਜਾਬ ਦਾ ਬੁੱਧੀਜੀਵੀ ਵਿੰਗ ਦਾ ਸਕੱਤਰ ਨਿਯੁਕਤ ਕੀਤਾ ਗਿਆ ਹੈ।ਨਵ-ਨਿਯੁਕਤ ਪੰਜਾਬ ਦੇ ਬੁੱਧੀਜੀਵੀ ਵਿੰਗ ਦੇ ਸਕੱਤਰ ਸੁਰਿੰਦਰ ਪਾਲ ਸ਼ਰਮਾ ਨੇ ਹਾਈ ਕਮਾਂਡ, ਮੁੱਖ ਮੰਤਰੀ ਪੰਜਾਬ ਤੇ ਸਮੁੱਚੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਜੋ ਮੈਨੂੰ ਜ਼ੁੰਮੇਵਾਰੀ ਸੌਂਪੀ ਗਈ ਹੈ, ਮੈਂ ਉਸ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ।ਉਨ੍ਹਾਂ ਕਿਹਾ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਕੰਮ ਕੀਤਾ ਜਾਵੇਗਾ।ਹਲਕਾ ਵਿਧਾਨ ਸਭਾ ਨਾਭਾ ਵਿੱਚ ਸੁਰਿੰਦਰ ਪਾਲ ਸ਼ਰਮਾ ਨੂੰ ਆਪ ਪਾਰਟੀ ਪੰਜਾਬ ਦੇ ਬੁੱਧੀਜੀਵੀ ਵਿੰਗ ਦਾ ਸਕੱਤਰ ਨਿਯੁਕਤ ਕਰਨ 'ਤੇ ਖੁਸ਼ੀ ਦੀ ਲਹਿਰ ਪਾਈ ਗਈ, ਉੱਥੇ ਹੀ ਹਲਕਾ ਵਾਸੀਆਂ ਵੱਲੋਂ ਨਵ-ਨਿਯੁਕਤ ਸੁਰਿੰਦਰ ਪਾਲ ਸ਼ਰਮਾ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਕਾਤਰਾਂ

ਅਮਰਜੀਤ ਸਿੰਘ 'ਆਪ' ਦੇ ਬੀ ਸੀ ਵਿੰਗ ਦੇ ਕੋਆਰਡੀਨੇਟਰ ਨਿਯੁਕਤ

ਜ਼ੀਰਾ (ਪਰਮਜੀਤ ਸਿੰਘ ਧੰਜੂ)-ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨੂੰ ਵੇਖਦੇ ਹੋਏ ਅਮਰਜੀਤ ਸਿੰਘ ਬਹਿਕ ਫੱਤੂ ਨੂੰ ਆਮ ਆਦਮੀ ਪਾਰਟੀ ਹਾਈਕਮਾਂਡ ਨੇ ਵਿਧਾਨ ਸਭਾ ਹਲਕਾ ਜ਼ੀਰਾ ਦਾ ਬੀ ਸੀ ਵਿੰਗ ਦਾ ਕੁਆਰਡੀਨੇਟਰ ਨਿਯੁਕਤ ਕੀਤਾ ਹੈ।ਆਪਣੀ ਨਿਯੁਕਤੀ 'ਤੇ ਅਮਰਜੀਤ ਸਿੰਘ ਧੰਜੂ ਨੇ ਜਿੱਥੇ ਪਾਰਟੀ ਹਾਈਕਮਾਂਡ, ਰਾਸ਼ਟਰੀ ਜਨਰਲ ਸਕੱਤਰ ਸੰਦੀਪ ਪਾਠਕ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਕਾਰਜਕਾਰੀ ਪ੍ਰਧਾਨ ਪੰਜਾਬ ਪ੍ਰਿੰਸੀਪਲ ਬੁੱਧ ਰਾਮ ਦਾ ਧੰਨਵਾਦ ਕੀਤਾ ਹੈ, ਉੱਥੇ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿਵਾਇਆ ਹੈ।ਅਮਰਜੀਤ ਸਿੰਘ ਬਹਿਕ ਫੱਤੂ ਦੀ ਨਿਯੁਕਤੀ 'ਤੇ ਭੁਪਿੰਦਰ ਸਿੰਘ, ਹਰਬੰਸ ਸਿੰਘ, ਪਰਵਿੰਦਰ ਸਿੰਘ ਸਰਪੰਚ, ਗੁਲਜ਼ਾਰ ਸਿੰਘ, ਮੇਜਰ ਸਿੰਘ, ਤਜਿੰਦਰ ਸਿੰਘ, ਕੁਲਵਿੰਦਰ ਸਿੰਘ, ਜਸਪਾਲ ਸਿੰਘ, ਹਰਜੀਤ ਸਿੰਘ, ਸੁਰਿੰਦਰ ਸਿੰਘ, ਜਗੀਰ ਸਿੰਘ, ਜਸਵੰਤ ਸਿੰਘ, ਮਨਦੀਪ ਸਿੰਘ ਆਦਿ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਡੀ ਆਰ ਐੱਸ ਸਕੂਲ 'ਚ ਵਿਸ਼ਵ ਧਰਤ ਦਿਵਸ ਮਨਾਇਆ

ਦੋਦਾ (ਵਕੀਲ ਸਿੰਘ ਬਰਾੜ)-ਧਰਤ ਵਿਸ਼ਵ ਦਿਵਸ ਡੀ ਆਰ ਐਸ ਕਾਨਵੈਂਟ ਸਕੂਲ ਕਾਉਣੀ ਵਿਖੇ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਧਰਤ ਦਿਵਸ 'ਤੇ ਭਾਸ਼ਣ ਦਿੱਤੇ ਅਤੇ ਸਕੂਲ ਪ੍ਰਿੰਸੀਪਲ ਵਿਪਨ ਕੁਮਾਰ ਵੱਲੋਂ ਵਿਦਿਆਰਥੀਆਂ ਨੂੰ ਇਸ ਦਿਨ ਦੀ ਵਿਸ਼ੇਸ਼ਤਾ ਤੇ ਜਾਣਕਾਰੀ ਵਿਸਥਾਰ ਨਾਲ ਦਿੱਤੀ। ਉਨ੍ਹਾਂ ਦੱਸਿਆ ਕਿ ਪਲਾਸਟਿਕ ਧਰਤੀ ਨੂੰ ਬਹੁਤ ਜ਼ਿਆਦਾ ਪ੍ਰਦੂਸ਼ਿਤ ਕਰ ਰਿਹਾ ਹੈ। ਇਸ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਣੀ ਚਾਹੀਦੀ ਹੈ। ਸਕੂਲ ਚੇਅਰਮੈਨ ਨਿਹਾਲ ਸਿੰਘ ਬਰਾੜ ਵੱਲੋਂ ਵਿਦਿਆਰਥੀਆਂ ਨੂੰ ਗੁਰਬਾਣੀ ਦਾ ਹਵਾਲਾ ਦਿੰਦਿਆਂ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਤੇ ਇਸ ਨੂੰ ਬਚਾਉਣ ਅਤੇ ਹਰੀ ਭਰੀ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਵਿਦਿਆਰਥੀਆਂ ਵਿੱਚ ਪੇਂਟਿੰਗ ਮੁਕਾਬਲੇ ਵੀ ਕਰਾਏ ਗਏ ਸਕੂਲ ਵਿਚ ਰੁੱਖ ਵੀ ਲਾਏ। ਇਸ ਮੌਕੇ ਸਮੂਹ ਸਟਾਫ਼ ਤੇ ਸਮੂਹ ਵਿਦਿਆਰਥੀ ਮੌਜੂਦ ਸਨ।

ਗੁਰੂਗੜ੍ਹ ਵਿਖੇ ਖੂਨਦਾਨ ਕੈਂਪ ਭਲਕੇ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਗੁਰੂਗੜ੍ਹ ਵਿਖੇ ਸਵ. ਦਰਸ਼ਨ ਸਿੰਘ ਤਬੀਬਾ ਦੀ ਯਾਦ ਵਿੱਚ ਖੂਨਦਾਨ ਕੈਂਪ 26 ਮਈ ਨੂੰ ਲਗਾਇਆ ਜਾ ਰਿਹਾ ਹੈ। ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕੈਂਪ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸਵੇਰੇ 9.30 ਵਜੇ ਤੋਂ 2.30 ਵਜੇ ਤੱਕ ਲਗਾਇਆ ਜਾਵੇਗਾ, ਜਿਸ ਵਿੱਚ ਹੋਮੀ ਭਾਬਾ ਕੈਂਸਰ ਹਸਪਤਾਲ ਐਂਡ ਰਿਸਰਚ ਸੈਂਟਰ ਮੁੱਲਾਂਪੁਰ (ਨਿਊ ਚੰਡੀਗੜ੍ਹ) ਦੀ ਟੀਮ ਵੱਲੋਂ ਖੂਨ ਇਕੱਤਰ ਕੀਤਾ ਜਾਵੇਗਾ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਵੱਧ ਚੜ੍ਹ ਕੇ ਕੈਂਪ 'ਚ ਪੁੱਜਣ ਦੀ ਅਪੀਲ ਕੀਤੀ।

ਸੁਪਰੀਮ ਕੋਰਟ 'ਚ 29 ਜੁਲਾਈ ਤੋਂ 3 ਅਗਸਤ ਤੱਕ ਸਪੈਸ਼ਲ ਲੋਕ ਅਦਾਲਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਰਾਜ ਕੁਮਾਰ ਜ਼ਿਲ੍ਹਾ ਤੇ ਸੈਸ਼ਨਜ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਅਤੇ ਡਾ. ਗਗਨਦੀਪ ਕੌਰ ਸਿਵਲ ਜੱਜ (ਸੀਨੀਅਰ ਡਵੀਜਨ)/ਸੀ.ਜੇ.ਐੱਮ. ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਨੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਦੱਸਿਆ ਕਿ ਮਾਣਯੋਗ ਸੁਪਰੀਮ ਕੋਰਟ ਵਿੱਚ 29 ਜੁਲਾਈ ਤੋਂ 03 ਅਗਸਤ 2024 ਤੱਕ ਸਪੈਸ਼ਲ ਲੋਕ ਅਦਾਲਤ ਲਗਾਈ ਜਾ ਰਹੀ ਹੈ।ਇਸ ਸਪੈਸ਼ਲ ਲੋਕ ਅਦਾਲਤ ਵਿੱਚ ਜੇਕਰ ਆਪ ਜੀ ਦਾ ਕੋਈ ਵੀ ਕੇਸ ਜਿਵੇਂ ਲੇਬਰ ਨਾਲ ਸੰਬੰਧਤ ਮਾਮਲੇ, ਚੈੱਕ ਬਾਊਂਸ, ਐਕਸੀਡੈਂਟ ਕਲੇਮ ਕੇਸ (ਮੋਟਰ ਐਕਸੀਡੈਂਟ ਕਲੇਮ), ਹੋਰ ਮੁਆਵਜ਼ੇ ਦੇ ਮਾਮਲੇ, ਪਰਿਵਾਰਕ ਕਾਨੂੰਨ ਦੇ ਮਾਮਲੇ, ਸਰਵਿਸਜ਼ ਸੰਬੰਧੀ ਮਾਮਲੇ, ਰੈਂਟ ਸੰਬੰਧੀ ਮਾਮਲੇ, ਅਕਾਦਮਿਕ ਮਾਮਲੇ, ਮੇਨਟੀਨੈਂਸ ਨਾਲ ਸਬੰਧਤ ਮੁੱਦੇ, ਮੌਰਟਗੀਜ਼ ਨਾਲ ਸਬੰਧਤ ਮਾਮਲੇ, ਖਪਤਕਾਰ ਸੁਰੱਖਿਆ ਦੇ ਮਾਮਲੇ, ਤਬਾਦਲੇ ਪਟੀਸ਼ਨਾਂ (ਦੀਵਾਨੀ ਤੇ ਫੌਜਦਾਰੀ), ਰਕਮ ਵਸੂਲੀ ਸਬੰਧੀ ਮਾਮਲੇ, ਕ੍ਰਿਮੀਨਲ ਕੰਪਾਊਂਡੇਬਲ ਮਾਮਲੇ, ਜ਼ਮੀਨੀ ਵਿਵਾਦਾਂ ਨਾਲ ਸਬੰਧਤ ਮਾਮਲੇ ਤੇ ਹੋਰ ਸਿਵਲ ਮਾਮਲੇ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਕਰਵਾਇਆ ਜਾ ਸਕਦਾ ਹੈ।ਇਸ ਸਬੰਧੀ ਸਕੱਤਰ ਨੇ ਵਧੇਰੇ ਜਾ

25-MAY-PAGE-11.qxd 5/24/2024 10:41 PM Page 1

ਭੇਦਭਰੇ ਹਾਲਾਤ 'ਚ ਲਾਸ਼ ਮਿਲਣ 'ਤੇ ਪਰਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਧਰਨਾ ਲਗਾ ਕੇ ਕੀਤਾ ਟ੍ਰੈਫਿਕ ਜਾਮ

ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਗੁਰਦੁਆਰਾ ਬੀਬੀ ਵੀਰੋ ਜੀ ਝਬਾਲ ਦੀ ਲੋਕਲ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਗੁਰਨਾਮ ਸਿੰਘ ਵੱਲੋਂ ਜਿਹੜਾ ਕੱਲ੍ਹ ਤੋਂ ਘਰੋਂ ਲਾਪਤਾ ਦੱਸਿਆ ਜਾ ਰਿਹਾ ਸੀ, ਦੀ ਲਾਸ਼ ਸ਼ੁੱਕਰਵਾਰ ਤਰਨ ਤਾਰਨ ਨੇੜਿਉਂ ਝਾੜੀਆਂ ਵਿੱਚੋਂ ਮਿਲਣ ਤੋਂ ਬਾਅਦ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ 'ਚ ਸਥਾਨਕ ਅੱਡਾ ਝਬਾਲ ਚੌਕ ਵਿੱਚ ਪਹੁੰਚ ਕੇ ਧਰਨਾ ਲਗਾ ਕੇ ਟ੍ਰੈਫਿਕ ਜਾਮ ਕਰਕੇ ਪੁਲਸ ਪ੍ਰਸ਼ਾਸਨ ਖ਼ਿਲਾਫ਼ ਨਾਹਰੇਬਾਜ਼ੀ ਕਰਦਿਆਂ ਦੋਸ਼ੀਆਂ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ।ਇਸ ਸਮੇਂ ਧਰਨੇ 'ਤੇ ਬੈਠੇ ਪਿੰਡ ਵਾਸੀਆਂ ਸਮੇਤ ਗੱਲਬਾਤ ਕਰਦਿਆਂ ਮ੍ਰਿਤਕ ਗੁਰਨਾਮ ਸਿੰਘ ਦੀ ਪਤਨੀ ਸ਼ਿੰਦਰ ਕੌਰ ਅਤੇ ਬੇਟੀ ਸੁਨੀਤਾ ਨੇ ਕਿਹਾ ਕਿ ਗੁਰਨਾਮ ਸਿੰਘ ਜੋ ਕੱਲ੍ਹ ਸਵੇਰੇ ਘਰੋਂ ਮੋਟਰ ਸਾਈਕਲ 'ਤੇ ਗਿਆ ਸੀ ਪ੍ਰੰਤੂ ਦੇਰ ਰਾਤ ਵਾਪਸ ਨਾ ਆਉਣ ਕਰਕੇ ਅਸੀਂ ਉਨ੍ਹਾਂ ਦੀ ਭਾਲ ਕਰ ਰਹੇ ਸੀ ਕਿ ਸਵੇਰੇ ਸਾਨੂੰ ਪਤਾ ਲੱਗਾ ਕਿ ਤਰਨ ਤਾਰਨ ਨੇੜੇ ਡਰੇਨ 'ਤੇ ਝਾੜੀਆਂ ਨੇੜੇ ਇਕ ਲਾਸ਼ ਪਈ ਹੈ। ਜਦੋਂ ਅਸੀਂ ਜਾ ਕੇ ਵੇਖਿਆ ਤਾਂ ਲਾਸ਼ ਗੁਰਨਾਮ ਸਿੰਘ ਝਬਾਲ ਦੀ ਹੀ ਸੀ।ਉਨ੍ਹਾਂ ਪਿੰਡ ਦੇ ਗੁਰਦੁਆਰਾ ਮਾਤਾ ਭਾਗ ਕੌਰ ਜੀ ਦੇ ਪ੍ਰਬੰਧਕਾਂ 'ਤੇ ਗੁਰਨਾਮ ਸਿੰਘ ਨੂੰ ਮਾਰਨ ਦੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪਿਛਲੇ ਦਿਨੀਂ ਮਾਤਾ ਭਾਗ ਕੌਰ ਜੀ ਦੇ ਪ੍ਰਬੰਧਕਾਂ ਵੱਲੋਂ ਜ਼ਬਰਦਸਤੀ ਗੁਰਦੁਆਰਾ ਸਾਹਿਬ ਨੇੜਿਉਂ ਪੰਚਾਇਤੀ ਛੱਪੜ ਮਿੱਟੀ ਪਾ ਕੇ ਪੂਰਿਆ ਜਾ ਰਿਹਾ ਸੀ ਜਿਸ ਨੂੰ ਗੁਰਨਾਮ ਸਿੰਘ ਤੇ ਸਾਥੀਆਂ ਨੇ ਅਜਿਹਾ ਕਰਨ ਤੋਂ ਰੋਕਿਆ ਸੀ, ਕਿਉਂਕਿ ਉਥੇ ਪਿੰਡ ਦੇ ਘਰਾਂ ਦਾ ਪਾਣੀ ਪੈਂਦਾ ਹੈ, ਜਿਸ ਦੇ ਚਲਦਿਆਂ ਪ੍ਰਬੰਧਕਾਂ ਵੱਲੋਂ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀ ਧਮਕੀ ਦਿੱਤੀ ਸੀ।ਜਦੋਂ ਕਿ ਦੂਸਰੇ ਪਾਸੇ ਗੁਰਦੁਆਰਾ ਮਾਤਾ ਭਾਗ ਕੌਰ ਦੇ ਪ੍ਰਬੰਧਕ ਵੱਲੋਂ ਉਕਤ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਨ੍ਹਾਂ ਉੱਪਰ ਧਮਕੀ ਦੇਣ ਦਾ ਦੋਸ਼ ਬਿਲਕੁੱਲ ਗਲਤ ਹੈ, ਜਦੋਂ ਕਿ ਮੈਂ ਕੱਲ੍ਹ ਹਰਿਆਣਾ ਗਿਆ ਸੀ ਜਿਸ ਦੇ ਪੁਖਤਾ ਸਬੂਤ ਮੇਰੇ ਕੋਲ ਹਨ ਅਤੇ ਇਹ ਜਾਣਬੁੱਝ ਕੇ ਝੂਠੇ ਇਲਜ਼ਾਮ ਸਾਡੇ 'ਤੇ ਲਗਾਏ ਜਾ ਰਹੇ ਹਨ।

ਇਸ ਸਮੇਂ ਧਰਨੇ ਤੇ ਬੈਠੇ ਪਰਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਡੀ ਐਸ ਪੀ ਸਿੱਟੀ ਤਰਸੇਮ ਮਸੀਹ ਨੇ ਕਿਹਾ ਕਿ ਮ੍ਰਿਤਕ ਦਾ ਪੋਸਟ ਮਾਰਟਮ ਕਰਵਾਇਆ ਜਾ ਰਿਹਾ ਹੈ, ਜੋ ਵੀ ਰਿਪੋਰਟ ਆਵੇਗੀ, ਉਸ ਦੇ ਹਿਸਾਬ ਨਾਲ ਜਾਂਚ ਕਰਕੇ ਜਿਹੜਾ ਵੀ ਦੋਸ਼ੀ ਹੋਇਆ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਅਕਾਲੀ ਦਲ ਹੀ ਪੰਜਾਬ ਨੂੰ ਹੱਸਦਾ ਵੱਸਦਾ ਰੱਖ ਸਕਦੈ : ਬਾਦਲ

ਸ਼ਾਹਕੋਟ (ਗਿਆਨ ਸੈਦਪੁਰੀ) ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਅਤੇ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਪੰਥ ਤੇ ਪੰਜਾਬ ਨੂੰ ਬਚਾਉਣ ਦਾ ਭਾਵਕ ਸੱਦਾ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਹੀ ਪੰਜਾਬ ਦੇ ਹੱਕਾਂ ਦੀ ਰਾਖੀ ਕਰਕੇ ਪਹਿਲਾਂ ਵਰਗਾ ਹੱਸਦਾ ਵੱਸਦਾ ਸੂਬਾ ਬਣਾ ਸਕਦੀ ਹੈ। ਉਹ ਸ਼ੁੱਕਰਵਾਰ ਨੂੰ ਅਨਾਜ ਮੰਡੀ ਸ਼ਾਹਕੋਟ ਵਿੱਚ ਲੋਕ ਸਭਾ ਹਲਕਾ ਜਲੰਧਰ ਤੋਂ ਚੋਣ ਲੜ ਰਹੇ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਮਹਿੰਦਰ ਸਿੰਘ ਕੇ. ਪੀ. ਦੇ ਹੱਕ ਵਿੱਚ ਭਰਵੀਂ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕਮਜ਼ੋਰ ਹੋ ਗਿਆ ਤਾਂ ਸਮਝੋ ਕਿ ਪੰਜਾਬ ਦੇ ਲੋਕ ਕਮਜ਼ੋਰ ਹੋ ਜਾਣਗੇ।ਬਾਦਲ ਨੇ ਕਿਹਾ ਕਿ ਇਨ੍ਹਾਂ ਚੋਣਾਂ ਨੇ ਨਿਰਣਾ ਕਰਨਾ ਹੈ ਕਿ ਖਾਲਸਾ ਪੰਥ ਇਕੱਠਾ ਹੈ ਜਾਂ ਨਹੀ।

ਅਕਾਲੀ ਦਲ (ਬਾਦਲ) ਦੇ ਮੁਖੀ ਨੇ ਕੇਂਦਰ ਦੀ ਮੋਦੀ ਸਰਕਾਰ ਦੇ ਫਾਸ਼ੀਵਾਦ ਇਰਾਦਿਆਂ ਵੱਲ ਇਸ਼ਾਰਾ ਕਰਦਿਆ ਕਿਹਾ ਕਿ ਖੇਤਰੀ ਪਾਰਟੀਆਂ ਨੂੰ ਤਾਕਤਵਰ ਬਣਾਉਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮੁਲਕ ਦਾ ਨੁਕਸਾਨ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਆਰ ਐਸ ਐਸ ਦੇ ਮਨਸੂਬੇ ਬੜੇ ਖਤਰਨਾਕ ਹਨ।ਇਨ੍ਹਾਂ ਮਨਸੂਬਿਆਂ ਤਹਿਤ ਹੀ ਪੰਜਾਬ ਤੋਂ ਬਾਹਰ ਦੇ ਸਿੱਖਾਂ ਦੇ ਦੋ ਤਖਤਾਂ ਦਾ ਕੰਟਰੋਲ ਆਰ ਐਸ ਐਸ ਕਰ ਰਹੀ ਹੈ।

ਬਾਦਲ ਨੇ ਪੰਜਾਬੀਆਂ 'ਤੇ ਮਿਹਣੇ ਵਰਗਾ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਵੋਟਾਂ ਵੇਲੇ ਤੁਸੀ ਮੈਰਿਟ ਦੇ ਅਧਾਰ 'ਤੇ ਫੈਸਲਾ ਨਹੀਂ ਕਰਦੇ। ਪੰਜਾਬ ਵਿੱਚ ਮੈਰਿਟ ਦੇ ਅਧਾਰ 'ਤੇ ਅਕਾਲੀ ਦਲ (ਬਾਦਲ) ਨੂੰ ਉੱਪਰ ਦੱਸਣ ਲਈ ਉਨ੍ਹਾਂ ਨੇ ਅਕਾਲੀ ਦਲ ਦੀ ਸਰਕਾਰ ਤੇ ਖਾਸ ਕਰਕੇ ਸਵਰਗੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਵਿਕਾਸ ਕੰਮਾਂ ਦਾ ਵਿਸਥਾਰ ਨਾਲ ਵਰਣਨ ਕੀਤਾ।ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 15 ਲੱਖ ਟਿਊਬਵੈੱਲ ਕੁਨੈਕਸ਼ਨ ਹਨ, ਜਿੰਨ੍ਹਾਂ ਵਿੱਚ ਸਾਢੇ ਤੇਰਾਂ ਲੱਖ ਅਕਾਲੀ ਦਲ ਦੀ 'ਸਰਕਾਰ' ਨੇ ਜਾਰੀ ਕੀਤੇ। ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇ. ਪੀ ਨੇ ਕਿਹਾ ਕਿ ਅਕਾਲੀ ਦਲ ਹੀ ਪੰਜਾਬ ਵਿੱਚ ਇੱਕੋ ਇੱਕ ਪਾਰਟੀ ਹੈ ਜੋ ਆਪਣੇ ਬਲ ਬੂਤੇ 'ਤੇ ਚੋਣ ਲੜ ਰਹੀ ਹੈ।ਉਨ੍ਹਾਂ ਨੇ ਵੀ ਖੇਤਰੀ ਪਾਰਟੀਆਂ ਨੂੰ ਤਕੜੇ ਕਰਨ ਦੀ ਗੱਲ ਕਰਦਿਆਂ ਤਾਮਲਨਾਡੂ ਤੇ ਪੱਛਮੀ ਬੰਗਾਲ ਦੀਆਂ ਸਰਕਾਰਾਂ ਦੀ ਮਿਸਾਲ ਦਿੱਤੀ।ਭਾਰਤੀ ਜਨਤਾ ਪਾਰਟੀ ਨੂੰ ਪੰਜਾਬੀਆਂ ਦੀ ਦੋਖੀ ਦੱਸਦਿਆਂ ਕੇ. ਪੀ. ਨੇ ਯਾਦ ਕਰਵਾਇਆ ਕਿ ਦਿੱਲੀ ਦੀਆਂ ਬਰੂਹਾਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਮੋਦੀ ਨੇ ਅੰਦੋਲਨਜੀਵੀ ਅਤੇ ਪਰਜੀਵੀ ਆਖਿਆ ਸੀ। ਉਨ੍ਹਾਂ ਕਿਹਾ ਕਿ ਭਾਜਪਾ ਵੱਲ ਬਹੁਗਿਣਤੀ ਨੂੰ ਘੱਟ ਗਿਣਤੀਆਂ ਦੇ ਵਿਰੁੱਧ ਭੜਕਾਇਆ ਜਾ ਰਿਹਾ ਹੈ।

ਅਕਾਲੀ ਦਲ (ਬਾਦਲ) ਦੇ ਹਲਕਾ ਇਨਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਨੇ ਹਲਕੇ ਵਿੱਚ ਅਕਾਲੀ ਦਲ ਦੀ ਵੱਧ ਰਹੀ ਤਾਕਤ ਵੱਲ ਇਸ਼ਾਰਾ ਕਰਦਿਆ ਕਿਹਾ ਕਿ ਅੱਜ ਅਕਾਲੀ ਦਲ ਦੇ ਵਰਕਰਾਂ ਅੰਦਰ ਉਹ ਜਜ਼ਬਾ ਸਾਫ ਨਜ਼ਰ ਆ ਰਿਹਾ ਹੈ, ਜੋ ਉਸ ਵੇਲੇ ਹੁੰਦਾ ਸੀ ਜਦੋਂ ਵੱਡੇ ਬਾਦਲ ਮੁੱਖ ਮੰਤਰੀ ਹੁੰਦੇ ਸਨ ਤੇ ਮੇਰੇ ਦਾਦਾ ਜਥੇਦਾਰ ਅਜੀਤ ਸਿੰਘ ਕੋਹਾੜ ਕੈਬਨਿਟ ਮੰਤਰੀ ਹੁੰਦੇ ਸਨ। ਐਡਵੋਕੇਟ ਕੋਹਾੜ ਨੇ ਸੁਖਬੀਰ ਸਿੰਘ ਬਾਦਲ ਨੂੰ ਵਿਕਾਸ ਪੁਰਸ਼ ਕਿਹਾ। ਆਪਣੇ ਉਮੀਦਵਾਰ ਦੀ ਗੱਲ ਕਰਦਿਆਂ ਕਿਹਾ ਕਿ ਮਹਿੰਦਰ ਸਿੰਘ ਕੇ. ਪੀ. ਨੇ 70 ਸਾਲ ਦੇ ਸਿਆਸੀ ਜੀਵਨ ਵਿੱਚ ਆਪਣੀ ਸਖਸ਼ੀਅਤ ਨੂੰ ਬੇਦਾਗ਼ ਰੱਖਿਆ ਹੈ। ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸੀਨੀਅਰ ਅਕਾਲੀ ਆਗੂ ਮਨਜੀਤ ਸਿੰਘ ਜੀ. ਕੇ ਨੇ ਆਪਣੇ ਪਿਤਾ ਸਵਰਗੀ ਜਥੇਦਾਰ ਸੰਤੋਖ ਸਿੰਘ ਦੇ ਹਵਾਲੇ ਨਾਲ ਪੰਥ ਲਈ ਕੀਤੇ ਕੰਮਾਂ ਦਾ ਵਰਣਨ ਕੀਤਾ। ਲੋਕ ਸਭਾ ਉਮੀਦਵਾਰ ਬਾਰੇ ਗੱਲ ਕਰਦਿਆਂ ਜੀ ਕੇ ਨੇ ਕਿਹਾ ਕਿ ਮਹਿੰਦਰ ਸਿੰਘ ਕੇ. ਪੀ. ਸ਼ਰਾਫ਼ਤ ਅਤੇ ਸੇਵਾ ਦੀ ਮੂਰਤ ਹਨ।

ਅਕਾਲੀ ਦਲ ਦੇ ਸੀਨੀਅਰ ਆਗੂ ਤਜਿੰਦਰ ਸਿੰਘ ਰਾਮਪੁਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪ ਵਾਲੇ ਪੰਜਾਬੀਆਂ ਨੂੰ ਟਿੱਚਰਾਂ ਕਰਨ ਵਾਲੇ ਹਨ ਜਦ ਕਿ ਅਕਾਲੀ ਦਲ ਪੰਜਾਬ ਦੇ ਹਿਤਾਂ ਦਾ ਰਖਵਾਲਾ ਹੈ। ਉਨ੍ਹਾਂ ਕਿਹਾ ਕਿ ਦਲ ਵਿੱਚ ਕੁਝ ਕਮਜ਼ੋਰੀ ਆਈ ਸੀ ਪਰ ਹੁਣ ਦਿਨੋ ਦਿਨ ਤਾਕਤਵਰ ਬਣ ਰਿਹਾ ਹੈ। ਰੈਲੀ ਨੂੰ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਜਥੇਦਾਰ ਚਰਨ ਸਿੰਘ ਸਿੰਧੜ, ਬਾਵਾ ਸਿੰਘ ਕੰਗ, ਐਸ. ਜੀ. ਪੀ. ਸੀ. ਮੈਂਬਰ ਬਲਦੇਵ ਸਿੰਘ ਕਲਿਆਣ, ਕੋ: ਬੈਂਕ ਜਲੰਧਰ ਦੇ ਸਾਬਕਾ ਐਮ. ਡੀ. ਕੇਵਲ ਸਿੰਘ ਰੂਪੇਵਾਲੀ, ਬਲਾਕ ਸੰਮਤੀ ਦੇ ਸਾਬਕਾ ਪ੍ਰਧਾਨ ਤੇਜਾ ਸਿੰਘ ਮਾਣਕਪੁਰ ਅਤੇ ਸੁਖਵਿੰਦਰ ਸਿੰਘ ਮੱਟੂ ਨੇ ਵੀ ਸੰਬੋਧਨ ਕੀਤਾ।ਇਕੱਠ ਵਿੱਚ ਹੋਰਨਾਂ ਤੋਂ ਇਲਾਵਾ ਠੇਕੇਦਾਰ ਰਣਧੀਰ ਸਿੰਘ ਰਾਣਾ, ਬਲਵਿੰਦਰ ਸਿੰਘ ਬਿੱਲੀ ਚਹਾਰਮੀ, ਜਸਵਿੰਦਰ ਸਿੰਘ ਪੋਪਲੀ, ਗਿਆਨ ਸਿੰਘ ਜੱਕੋਪੁਰ, ਬਲਦੇਵ ਸਿੰਘ ਚੱਠਾ ਸਾਬਕਾ ਸਰਪੰਚ ਢੰਡੋਵਾਲ ਆਦਿ ਸ਼ਾਮਲ ਸਨ।

ਡੇਅਰੀ ਫਾਰਮਿੰਗ ਕਿੱਤਾਮੁਖੀ ਸਿਖਲਾਈ ਕੋਰਸ ਕਰਵਾਇਆ

ਮਜੀਠਾ (ਸੰਦਿਮ ਆਨੰਦ) ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਅਤੇ ਆਈ.ਸੀ.ਏ.ਆਰ.-ਅਟਾਰੀ, ਜ਼ੋਨ-1, ਲੁਧਿਆਣਾ ਦੇ ਸਹਿਯੋਗ ਨਾਲ ਕ੍ਰਿਸ਼ੀ ਵਿਗਿਆਨ ਕੇਂਦਰ (ਕੇ.ਵੀ.ਕੇ.), ਅੰਮ੍ਰਿਤਸਰ ਵਿਖੇ ਡੇਅਰੀ ਫਾਰਮਿੰਗ ਸੰਬੰਧੀ 10 ਦਿਨਾਂ ਕਿੱਤਾ ਮੁਖੀ ਸਿਖਲਾਈ ਕੋਰਸ ਕਰਵਾਇਆ ਗਿਆ, ਜਿਸ ਵਿੱਚ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ 50 ਕਿਸਾਨ ਵੀਰਾਂ/ਕਿਸਾਨ ਬੀਬੀਆਂ ਅਤੇ ਪੇਂਡੂ ਨੌਜਵਾਨਾਂ ਨੇ ਭਾਗ ਲਿਆ।ਇਹ ਸਿਖਲਾਈ ਕੋਰਸ ਡਾ. ਬਿਕਰਮਜੀਤ ਸਿੰਘ, ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕੇ ਵੀ ਕੇ, ਅੰਮ੍ਰਿਤਸਰ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ।ਪਹਿਲੇ ਦਿਨ ਡਾ. ਬਿਕਰਮਜੀਤ ਸਿੰਘ ਨੇ ਭਾਗ ਲੈਣ ਵਾਲੇ ਸਿਖਿਆਰਥੀਆਂ ਦਾ ਨਿੱਘਾ ਸੁਆਗਤ ਕੀਤਾ ਅਤੇ ਕੇ ਵੀ ਕੇ ਦੇ ਕੰਮਕਾਜ ਬਾਰੇ ਜਾਣਕਾਰੀ ਦਿੱਤੀ।ਡਾ. ਕੰਵਰਪਾਲ ਸਿੰਘ ਢਿੱਲੋਂ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ), ਕੇ.ਵੀ.ਕੇ, ਅੰਮ੍ਰਿਤਸਰ (ਕੋਰਸ ਕੋਆਰਡੀਨੇਟਰ) ਨੇ ਕਿਸਾਨਾਂ ਨੂੰ ਘਰੇਲੂ ਜਾਂ ਵਪਾਰਕ ਪੱਧਰ 'ਤੇ ਸਫਲ ਵਿਗਿਆਨਕ ਢੰਗ ਨਾਲ ਡੇਅਰੀ ਫਾਰਮਿੰਗ ਕਰਨ ਲਈ ਪਸ਼ੂਆਂ ਦੀਆਂ ਨਸਲਾਂ ਅਤੇ ਨਸਲ ਸੁਧਾਰ, ਸੰਤੁਲਿਤ ਖੁਰਾਕ, ਰਿਹਾਇਸ਼ੀ ਪ੍ਰਬੰਧ, ਸਾਫ਼ ਸੁਥਰਾ ਦੁੱਧ ਉਤਪਾਦਨ, ਡੇਅਰੀ ਪਸ਼ੂਆਂ ਦੀ ਸਾਂਭ-ਸੰਭਾਲ, ਪਸ਼ੂ ਨੂੰ ਮਲੱਪ-ਰਹਿਤ ਕਰਨਾ, ਟੀਕਾਕਰਨ ਪ੍ਰੋਗਰਾਮ, ਅਤੇ ਡੇਅਰੀ ਪਸ਼ੂਆਂ ਵਿੱਚ ਬਿਮਾਰੀਆਂ ਅਤੇ ਇਸਦੀ ਰੋਕਥਾਮ ਸਮੇਤ ਵੱਖ-ਵੱਖ ਵਿਸ਼ਿਆਂ 'ਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਭਾਰਤ ਤੇ ਪਾਕਿਸਤਾਨ 'ਚ ਅਮਨ ਲਈ ਲੇਖਕ ਕਰਨਗੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਅਰਦਾਸ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-1947 ਦੀ ਭਾਰਤ ਅਤੇ ਪਾਕਿਸਤਾਨ ਦੀ ਗੈਰ ਕੁਦਰਤੀ ਵੰਡ ਕਾਰਨ ਦੋਹਾਂ ਦੇਸ਼ਾਂ ਸਮੇਤ ਚੜ੍ਹਦੇ ਤੇ ਲਹਿੰਦੇ ਪੰਜਾਬ ਵਾਸੀਆਂ ਵਿੱਚ ਹਰਵੇ ਤੋਂ ਉਤਪੰਨ ਸਮਾਜਿਕ 'ਤੇ ਧਾਰਮਿਕ ਰੀਝਾਂ ਤੇ ਸਾਂਝ ਭਰੀਆਂ ਉਮੰਗਾਂ ਦੀ ਪੂਰਤੀ ਲਈ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਸੁਚੇਤ ਤਬਕੇ ਵਲੋਂ ਅਪਣੱਤ ਤੇ ਸਾਂਝਾ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਲਗਾਤਾਰ ਆਵਾਜ਼ ਉਠਾਈ ਜਾ ਰਹੀਂ ਅਤੇ ਲੋਕਾਂ ਦੀ ਲੋਕਾਂ ਨਾਲ ਸਾਂਝ ਮਜ਼ਬੂਤ ਕਰਨ ਲਈ ਯਤਨ ਕੀਤੇ ਜਾਂਦੇ ਹਨ ਕਿ ਆਪਸੀ ਭਾਈਚਾਰਕ ਤੇ ਮੁਹੱਬਤ ਭਰਿਆ ਰਿਸ਼ਤਾ ਬਣਿਆ ਰਹੇ। ਇਸੇ ਆਸਥਾ ਦੀ ਪੂਰਤੀ ਲਈ ਪ੍ਰਗਤੀਸ਼ੀਲ ਲੇਖਕ ਸੰਘ ਤੇ ਫ਼ੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦਾ ਇਕ ਵਫ਼ਦ ਭਲਕੇ 25 ਮਈ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਜਾ ਕੇ ਦੋਹੀਂ ਪਾਸੀ ਪੁਰਅਮਨ ਤੇ ਸਦਭਾਵਨਾ ਲਈ ਅਰਦਾਸ ਕਰੇਗਾ 'ਤੇ ਉਥੇ ਹਾਜ਼ਰ ਲੋਕਾਂ ਨੂੰ ਮਿਲ ਕੇ ਚੜ੍ਹਦੇ ਪੰਜਾਬ ਦੇ ਲੋਕਾਂ ਦੀਆਂ ਦਿਲੀ ਭਾਵਨਾਵਾਂ ਤੋਂ ਜਾਗਰੂਕ ਕਰੇਗਾ। ਵਫ਼ਦ ਦੀ ਅਗਵਾਈ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬ ਦੇ ਪ੍ਰਧਾਨ ਪ੍ਰੋ ਸੁਰਜੀਤ ਜੱਜ, ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਫ਼ੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਜਨਰਲ ਸਕੱਤਰ ਸਤੀਸ਼ ਈਗਣ, ਸਕੱਤਰ ਹਰਜੀਤ ਸਿੰਘ ਸਰਕਾਰੀਆ ਤੇ ਕਰਮਜੀਤ ਕੌਰ ਜੱਸਲ ਸਾਂਝੇ ਤੌਰ 'ਤੇ ਕਰਨਗੇ।

ਮੋਦੀ ਰੈਲੀ ਦੌਰਾਨ ਕਿਸਾਨ ਲੀਡਰਾਂ ਦੀ ਫੜੋ-ਫੜੀ ਦੀ ਆਰ ਐਮ ਪੀ ਆਈ ਵੱਲੋਂ ਨਿਖੇਧੀ

ਪਠਾਨਕੋਟ (ਦਵਿੰਦਰ ਸਿੰਘ) ਲੋਕ ਸਭਾ ਹਲਕਾ ਗੁਰਦਾਸਪੁਰ ਦੀ ਦੀਨਾਨਗਰ ਵਿਖੇ ਭਾਜਪਾ ਵਲੋਂ ਅਜੇਜਤ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਪਹੁੰਚ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਸਾਨ ਮੱਸਲਿਆਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸਵਾਲ ਕਰਨ ਅਮਨਪੂਰਵਕ ਜਾ ਰਹੇ ਕਿਸਾਨਾਂ ਨੂੰ ਰੋਕਣ ਲਈ ਪੰਜਾਬ ਪੁਲਸ ਵਲੋਂ ਸਵੇਰ ਤੋਂ ਕੀਤੀ ਜਾ ਰਹੀ ਫੜੋਫੜੀ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਜਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਨੇ ਕਿਹਾ ਹੈ ਕਿ ਚੋਣਾਂ ਦੇ ਸਮੇਂ ਦੌਰਾਨ ਜਿਹੜੀ ਪਾਰਟੀ

25-MAY-PAGE-12.qxd 5/24/2024 10:41 PM Page 1

ਮੁੱਖ ਮੰਤਰੀ ਭਗਵੰਤ ਮਾਨ ਨੇ ਪਵਨ ਕੁਮਾਰ ਟੀਨੂੰ ਲਈ ਕੀਤਾ ਚੋਣ ਪ੍ਰਚਾਰ, ਰੋਡ ਸ਼ੋਅ 'ਚ ਉਮੜਿਆ ਜਨਸੈਲਾਬ

ਜਲੰਧਰ -ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਜਲੰਧਰ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਲਈ ਚੋਣ ਪ੍ਰਚਾਰ ਕੀਤਾ। ਮਾਨ ਨੇ ਪਵਨ ਕੁਮਾਰ ਟੀਨੂੰ ਅਤੇ 'ਆਪ' ਆਗੂਆਂ ਨਾਲ ਮਿਲ ਕੇ ਜਲੰਧਰ ਲੋਕ ਸਭਾ ਅਧੀਨ ਪੈਂਦੇ ਫਿਲੌਰ, ਨਕੋਦਰ, ਜਲੰਧਰ ਕੈਂਟ ਅਤੇ ਆਦਮਪੁਰ ਦੇ ਕਈ ਵਿਧਾਨ ਸਭਾ ਹਲਕਿਆਂ 'ਚ ਵਿਸ਼ਾਲ ਰੋਡ ਸ਼ੋਅ ਕੱਢਿਆ ਅਤੇ ਲੋਕਾਂ ਨੂੰ 'ਆਪ' ਉਮੀਦਵਾਰ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ । ਨਕੋਦਰ ਵਿੱਚ ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਇੱਕ ਵਾਅਦਾ ਕੀਤਾ ਅਤੇ ਕਿਹਾ ਕਿ ਤੁਸੀਂ ਮੇਰੇ 'ਤੇ ਭਰੋਸਾ ਕਰੋ ਅਤੇ ਪਵਨ ਕੁਮਾਰ ਟੀਨੂੰ ਨੂੰ ਐਮਪੀ ਬਣਾਓ ਅਤੇ ਕੰਮ ਦੀ ਗਾਰੰਟੀ ਮੇਰੀ ਹੈ। ਉਨ੍ਹਾਂ ਕਿਹਾ ਕਿ ਪਵਨ ਕੁਮਾਰ ਟੀਨੂੰ ਸਾਧਾਰਨ ਪਰਵਾਰ ਤੋਂ ਉੱਪਰ ਉੱਠ ਕੇ ਆਏ ਹਨ। ਉਹ ਸੰਸਦ ਵਿੱਚ ਆਮ ਲੋਕਾਂ ਲਈ ਆਪਣੀ ਆਵਾਜ਼ ਬੁਲੰਦ ਕਰਨਗੇ ਅਤੇ ਕੇਂਦਰ ਸਰਕਾਰ ਤੋਂ ਤੁਹਾਡੇ ਹੱਕ ਦਿਵਾਉਣਗੇ।ਮੁੱਖ ਮੰਤਰੀ ਮਾਨ ਨੇ ਪਿਛਲੇ ਦੋ ਸਾਲਾਂ ਵਿੱਚ ਕੀਤੇ ਕੰਮਾਂ ਦਾ ਲੇਖਾ-ਜੋਖਾ ਦਸਦਿਆਂ ਕਿਹਾ ਕਿ ਅਸੀਂ ਪੰਜਾਬ ਦੇ 43 ਹਜ਼ਾਰ ਨੌਜਵਾਨਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇੱਕ ਪਿੰਡ ਵਿੱਚ 40 ਨੌਜਵਾਨਾਂ ਨੂੰ ਨੌਕਰੀ ਮਿਲੀ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀ ਸਹੂਲਤ ਲਈ ਮੈਂ ਬਿਨਾਂ ਕਿਸੇ ਕੱਟ ਦੇ ਕਿਸਾਨਾਂ ਨੂੰ ਦਿਨ ਦੇ ਸਮੇਂ ਮੁਫਤ ਬਿਜਲੀ ਦਿੱਤੀ ਅਤੇ ਕਿਸਾਨਾਂ ਲਈ ਲੋੜੀਂਦੀ ਬਿਜਲੀ ਦਾ ਪ੍ਰਬੰਧ ਕੀਤਾ ਤਾਂ ਜੋ ਉਨ੍ਹਾਂ ਦਾ ਸਮਾਂ ਅਤੇ ਊਰਜਾ ਦੀ ਬਰਬਾਦੀ ਨਾ ਹੋਵੇ। ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਾਡੀ ਸਰਕਾਰ ਨੇ ਇੱਕ ਪ੍ਰਾਈਵੇਟ ਥਰਮਲ

ਪਲਾਂਟ ਖਰੀਦਿਆ। ਇਸ ਨਾਲ ਬਿਜਲੀ ਉਤਪਾਦਨ ਵਿੱਚ ਕਾਫੀ ਵਾਧਾ ਹੋਵੇਗਾ ਅਤੇ ਬਿਜਲੀ ਵੀ ਸਸਤੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ 4 ਜੂਨ ਨੂੰ ਇਹ ਚੋਣ ਜਿੱਤ ਕੇ ਮੈਂ ਪੰਜਾਬ ਦੇ ਸਾਰੇ ਸ਼ਹਿਰਾਂ ਦਾ ਸੀਵਰੇਜ ਸਿਸਟਮ ਅਤੇ ਪਾਰਕਿੰਗ ਸਿਸਟਮ ਠੀਕ ਕਰ ਕਰਾਂਗਾ।ਉਨ੍ਹਾਂ ਕਿਹਾ ਕਿ ਮੈਂ ਪੂਰੀ ਇਮਾਨਦਾਰੀ ਨਾਲ ਪੰਜਾਬ ਦੇ ਵਿਕਾਸ ਲਈ ਕੰਮ ਕਰ ਰਿਹਾ ਹਾਂ। ਮੈਂ ਪੈਸਾ ਕਮਾਉਣ ਲਈ ਰਾਜਨੀਤੀ ਵਿੱਚ ਨਹੀਂ ਆਇਆ। ਮੈਂ ਪੈਸਾ ਕਮਾਉਣ ਦਾ ਰਸਤਾ ਛੱਡ ਦਿੱਤਾ ਹੈ। ਮੈਂ ਬੱਸਾਂ, ਕਾਰੋਬਾਰ, ਢਾਬੇ ਅਤੇ ਹੋਟਲਾਂ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦਾ। ਮੈਂ ਸਿਰਫ਼ ਤਿੰਨ ਕਰੋੜ ਪੰਜਾਬੀਆਂ ਦੇ ਦੁੱਖ-ਦਰਦ ਵਿੱਚ ਸ਼ਰੀਕ ਹੋਣਾ ਚਾਹੁੰਦਾ ਹਾਂ।ਫਿਲੌਰ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਪੰਜਾਬ ਦੀਆਂ ਤਿੰਨ ਪੀੜ੍ਹੀਆਂ ਖਾ ਗਈਆਂ ਅਤੇ ਉਨ੍ਹਾਂ ਨੇ ਪਹਾੜਾਂ ਵਿੱਚ ਆਪਣੇ ਲਈ ਵੱਡੇ-ਵੱਡੇ ਮਹਿਲ ਬਣਾ ਲਏ। ਇਨ੍ਹਾਂ ਲੋਕਾਂ ਨੂੰ ਕਦੇ ਵੀ ਪੰਜਾਬ ਦੇ ਲੋਕਾਂ ਦੀ ਚਿੰਤਾ ਨਹੀਂ ਸੀ, ਇਨ੍ਹਾਂ ਨੇ ਸਿਰਫ ਆਪਣੇ ਪਰਵਾਰਾਂ ਬਾਰੇ ਹੀ ਸੋਚਿਆ ਹੈ। ਉਨ੍ਹਾਂ ਸੁਖਬੀਰ ਬਾਦਲ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸੁਖ-ਵਿਲਾਸ ਹੋਟਲ ਪੰਜਾਬ ਦੇ ਲੋਕਾਂ ਦੇ ਖੂਨ-ਪਸੀਨੇ ਨਾਲ ਬਣਿਆ ਹੈ। ਉਸ ਹੋਟਲ ਵਿੱਚ ਹਰ ਕਮਰੇ ਦੇ ਨਾਲ ਇੱਕ ਪੂਲ ਹੈ। ਉਨ੍ਹਾਂ ਕਿਹਾ ਕਿ ਅਸੀਂ ਸੁਖ-ਵਿਲਾਸ ਨੂੰ ਪੰਜਾਬ ਸਰਕਾਰ ਦੇ ਅਧੀਨ ਲੈ ਕੇ ਇਸ ਨੂੰ ਸਕੂਲ ਵਿੱਚ ਤਬਦੀਲ ਕਰਾਂਗੇ। ਇਹ ਪਹਿਲਾ ਸਕੂਲ ਹੋਵੇਗਾ, ਜਿਸ ਦੇ ਹਰ ਕਮਰੇ ਦੇ ਨਾਲ ਪੂਲ ਹੋਵੇਗਾ।

ਜਲੰਧਰ ਕੈਂਟ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਸੰਸਦ ਮੈਂਬਰ ਸੁਸ਼ੀਲ ਰਿੰਕੂ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਉਸ ਨੂੰ ਸੰਸਦ ਮੈਂਬਰ ਬਣਾਇਆ ਅਤੇ ਰਾਸ਼ਟਰੀ ਪੱਧਰ 'ਤੇ ਪਹਿਚਾਣ ਦਿੱਤੀ ਪਰ ਉਸ ਨੇ ਪਾਰਟੀ ਨਾਲ ਧੋਖਾ ਕੀਤਾ। ਉਨ੍ਹਾਂ ਕਿਹਾ ਕਿ ਉਸਦਾ ਕੋਈ ਸਟੈਂਡ ਨਹੀਂ ਹੈ। ਅਜਿਹੇ ਲੋਕ ਕਿਸੇ ਦੇ ਨਹੀਂ ਹੋ ਸਕਦੇ। ਇਸ ਧੋਖਾਧੜੀ ਦਾ ਜਵਾਬ ਜਲੰਧਰ ਦੇ ਲੋਕ ਇਸ ਚੋਣ ਵਿਚ ਜਰੂਰ ਦੇਣਗੇ।

ਆਦਮਪੁਰ ਚ ਭਗਵੰਤ ਮਾਨ ਨੇ ਭਾਜਪਾ 'ਤੇ ਹਮਲਾ ਬੋਲਦਿਆਂ ਕਿਹਾ ਕਿ ਭਾਜਪਾ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਜੇਕਰ ਉਹ ਇਸ ਵਾਰ ਜਿੱਤ ਗਏ ਤਾਂ ਦੇਸ਼ ਦਾ ਸੰਵਿਧਾਨ ਨਹੀਂ ਬਚੇਗਾ ਅਤੇ ਦੇਸ਼ ਦੀ ਚੋਣ ਪ੍ਰਣਾਲੀ ਵੀ ਖਤਮ ਹੋ ਜਾਵੇਗੀ। 'ਆਪ' ਉਮੀਦਵਾਰ ਪਵਨ ਕੁਮਾਰ ਟੀਨੂੰ ਨੇ ਲੋਕਾਂ ਨੂੰ ਕਿਹਾ- ਮੈਨੂੰ ਇੱਕ ਮੌਕਾ ਦਿਓ, ਮੈਂ ਸੰਸਦ 'ਚ ਆਮ ਲੋਕਾਂ ਦੀ ਆਵਾਜ਼ ਬੁਲੰਦ ਕਰਾਂਗਾ ਅਤੇ ਪੰਜ ਸਾਲ ਤੁਹਾਡੀ ਸੇਵਾ 'ਚ ਹਾਜ਼ਰ ਰਹਾਂਗਾ।

ਕਰਤਾਰ ਸਿੰਘ ਸਰਾਭਾ ਦੇ ਜਨਮ ਦਿਹਾੜੇ 'ਤੇ ਵਿਚਾਰ-ਚਰਚਾ

ਜਲੰਧਰ (ਕੇਸਰ) ਗ਼ਦਰ ਲਹਿਰ ਦੇ ਬਾਲ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵਿਚਾਰ ਚਰਚਾ ਕੀਤੀ ਗਈ।ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮੁਲਕ ਦੇ ਤਾਜ਼ਾ ਹਾਲਾਤ ਅੰਦਰ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਹਾੜਾ ਨਵੀਂ ਵਿਗਿਆਨਕ ਦ੍ਰਿਸ਼ਟੀ, ਚੇਤਨਾ ਅਤੇ ਨਵੇਂ ਮਾਰਗਾਂ ਦੀ ਤਲਾਸ਼ ਲਈ ਹੋਰ ਵੀ ਪ੍ਰਸੰਗਿਕ ਹੈ।ਉਹਨਾਂ ਦੱਸਿਆ ਕਿ ਅੱਜ ਦੇ ਦਿਨ 24 ਮਈ 1896 ਨੂੰ ਮਾਂ ਸਾਹਿਬ ਕੌਰ ਅਤੇ ਪਿਤਾ ਮੰਗਲ ਸਿੰਘ ਦੇ ਘਰ ਪਿੰਡ ਸਰਾਭਾ (ਲੁਧਿਆਣਾ) ਵਿਖੇ ਜਨਮੇ ਕਰਤਾਰ ਸਿੰਘ ਸਰਾਭਾ ਨੂੰ ਸ਼ਹੀਦ ਭਗਤ ਸਿੰਘ ਆਪਣਾ ਪ੍ਰਤਿਭਾਵਾਨ ਰਹਿਬਰ ਸਮਝਦੇ ਹੋਏ ਇਉਂ ਮੁਖਾਤਿਬ ਹੋਇਆ ਕਰਦੇ ਸਨ:

ਕਰਤਾਰ ਸਿੰਘ ਸਰਾਭਾ ਮੇਰਾ ਭਰਾ,
ਮੇਰਾ ਸਾਥੀ ਅਤੇ ਮੇਰਾ ਗੁਰੂ ਹੈ।

ਵਿਚਾਰ ਚਰਚਾ ਨੂੰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ

ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਲਾਇਬਰੇਰੀ ਕਮੇਟੀ ਦੇ ਕਨਵੀਨਰ ਡਾ. ਗੋਪਾਲ ਸਿੰਘ ਬੁੱਟਰ, ਦੇਖ਼ ਰੇਖ ਅਤੇ ਆਡਿਟ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਅੱਲਖ ਨੇ ਸੰਬੋਧਨ ਕੀਤਾ। ਬੁਲਾਰਿਆਂ ਦੱਸਿਆ ਕਿ ਸੋਹਣ ਸਿੰਘ ਭਕਨਾ, ਹਰਦਿਆਲ, ਕਰੀਮ ਬਖ਼ਸ਼, ਜਗਤ ਰਾਮ, ਕਾਂਸ਼ੀ ਰਾਮ, ਹਰਨਾਮ ਸਿੰਘ ਟੁੰਡੀਲਾਟ ਵਰਗੇ ਲੋਕਾਂ ਦੇ ਸੰਪਰਕ ਵਿਚ ਆਏ।ਮਿਲ਼ ਕੇ ਵਿਚਾਰਾਂ ਕਰਨ ਲੱਗੇ। ਆਪਣੇ ਮੁਲਕ ਨੂੰ ਪਈਆਂ ਗੁਲਾਮੀ ਦੀਆਂ ਬੇੜੀਆਂ ਤੋੜਨ ਲਈ ਅਮਰੀਕਾ ਦੀ ਧਰਤੀ ਤੇ 21 ਫਰਵਰੀ 1913 ਨੂੰ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਨਾਂਅ ਦੀ ਜੱਥੇਬੰਦੀ ਉਸਾਰੀ।ਉਹਨਾਂ ਦੱਸਿਆ ਕਿ ਸਾਨਫਰਾਂਸਿਸਕੋ ਵਿਚ ਯੁਗਾਂਤਰ ਆਸ਼ਰਮ ਤੋਂ ਵੱਖ ਵੱਖ ਭਾਸ਼ਾਵਾਂ ਵਿਚ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਕੱਢਣ ਅਤੇ ਦੇਸ਼ ਬਦੇਸ਼ ਤੱਕ ਪਹੁੰਚਾਉਣ ਲੱਗੇ।ਵਿਚਾਰ ਚਰਚਾ ਨੇ ਇਸ ਗੱਲ ਤੇ ਜੋਰ ਦਿੱਤਾ ਕਿ 1913 ਤੋਂ ਅੱਜ ਤੱਕ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਆਜ਼ਾਦੀ, ਜਮਹੂਰੀਅਤ, ਬਰਾਬਰੀ, ਧਰਮ- ਨਿਰਪੱਖ, ਨਿਆਂ ਅਤੇ ਸਾਂਝੀਵਾਲਤਾ ਭਰੇ ਰਾਜ ਅਤੇ ਸਮਾਜ ਲਈ ਸੰਗਰਾਮ ਜਾਰੀ ਹੈ।ਇਹ ਸੰਗਰਾਮ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਇਸ ਧਰਤੀ ਤੇ ਲੋਕਾਂ ਦੀ ਪੁੱਗਤ ਵਾਲਾ ਖ਼ੂਬਸੂਰਤ ਨਿਜ਼ਾਮ ਨਹੀਂ ਬਣ ਜਾਂਦਾ।ਇਸ ਵਿਚਾਰ ਚਰਚਾ ਮੌਕੇ ਲਾਇਬਰੇਰੀ ਦੀ ਖੋਜ਼ਕਾਰ ਵਿਦਿਆਰਥਣ ਨੇ ਵੀ ਨਿੱਕੀ ਉਮਰ ਦੇ ਮਹਾਂ ਜਰਨੈਲ ਕਰਤਾਰ ਸਿੰਘ ਸਰਾਭਾ ਦੀ ਸ਼ਖ਼ਸੀਅਤ ਬਾਰੇ ਆਪਣੇ ਜਜ਼ਬਾਤ ਸਾਂਝੇ ਕੀਤੇ।ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਤੇ ਕਮੇਟੀ ਦੀ ਤਰਫ਼ੋਂ ਸਿਖਿਆਰਥੀਆਂ ਨੂੰ ਕਿਤਾਬਾਂ ਨਾਲ਼ ਨਿਵਾਜਿਆ ਗਿਆ।

ਅਮੀਰਾਂ ਤੇ ਗਰੀਬਾਂ ਦੇ ਵੱਖਰੇ-ਵੱਖਰੇ ਸਕੂਲਾਂ ਦਾ ਪਾੜਾ ਖਤਮ ਕਰਾਂਗੇ : ਮਾਸਟਰ ਨਡਾਲੀ

ਭੁਲੱਥ (ਮਨਪ੍ਰੀਤ ਸਿੰਘ)-ਬਹੁਜਨ ਮੁਕਤੀ ਪਾਰਟੀ ਤੇ ਪੰਜਾਬ ਸਮਾਜਿਕ ਗੱਠਜੋੜ ਦੇ ਸਾਂਝੇ ਉਮੀਦਵਾਰ ਲੋਕ ਸਭਾ ਹਲਕਾ ਹੁਸ਼ਿਆਰਪੁਰ ਮਾਸਟਰ ਰਾਜਪਾਲ ਨਡਾਲੀ ਵੱਲੋਂ ਘਰ ਘਰ ਜਾ ਕੇ ਵੋਟਰਾਂ ਨਾਲ ਸੰਪਰਕ ਕੀਤਾ ਗਿਆ ਤੇ ਵੋਟਰਾਂ ਵੱਲੋਂ ਮਾਸਟਰ ਰਾਜਪਾਲ ਦੇ ਹੱਕ 'ਚ ਭਰਵਾਂ ਹੁੰਗਾਰਾ ਦਿੱਤਾ।ਮਾਸਟਰ ਨਡਾਲੀ ਨੇ ਕਿਹਾ ਕਿ ਸਾਡੀ ਸਰਕਾਰ ਆਉਣ 'ਤੇ ਵਿਦਿਅਕ ਢਾਂਚੇ ਨੂੰ ਉੱਚਾ ਚੁੱਕਣ ਲਈ ਵਧੇਰੇ ਕੋਸ਼ਿਸ਼ ਕੀਤੀਆਂ ਜਾਣਗੀਆਂ, ਅਮੀਰਾਂ ਤੇ ਗਰੀਬਾਂ ਦੇ ਵੱਖਰੇ-ਵੱਖਰੇ ਸਕੂਲਾਂ ਦਾ ਪਾੜਾ ਖਤਮ ਕਰਕੇ ਇੱਕ ਸਮਾਨ ਗੁਣਾਤਮਕ ਸਿੱਖਿਆ ਨੀਤੀ ਲਾਗੂ ਕੀਤੀ ਜਾਵੇਗੀ ਅਤੇ ਨਰਸਰੀ ਤੋਂ ਪੀ.ਐਚ.ਡੀ ਤੱਕ ਦੀ ਪੜ੍ਹਾਈ ਮੁਫਤ ਹੋਵੇਗੀ। ਸਾਰਿਆਂ ਲਈ ਇੱਕ ਸਮਾਨ ਸਿਹਤ ਸਹੂਲਤਾਂ ਦੀ ਨੀਤੀ ਸਰਕਾਰੀ ਤੌਰ 'ਤੇ ਲਾਗੂ ਕਰਾਂਗੇ, ਇਲਾਜ ਪੂਰੀ ਤਰ੍ਹਾਂ ਮੁਫਤ ਹੋਵੇਗਾ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੂੰ ਭਾਰਤ ਸਰਕਾਰ ਦੇ ਜਿਨਾਂ ਵੀ ਮਹਿਕਮੇ ਅਡਾਨੀਆਂ ਅੰਬਾਨੀਆਂ ਤੇ ਹੋਰ ਅਦਾਰਿਆਂ ਨੂੰ ਵੇਚੇ ਹਨ, ਸਾਡੀ ਸਰਕਾਰ ਬਣਨ 'ਤੇ ਸਾਰੇ ਮਹਿਕਮੇ ਸਰਕਾਰ ਆਪਣੇ ਹੱਥ ਵਿੱਚ ਲਵੇਗੀ, ਰੈਗੂਲਰ ਭਰਤੀ ਨੀਤੀ ਲਾਗੂ ਕਰਾਂਗੇ, ਸਰਕਾਰੀ ਪੁਰਾਣੀ ਪੈਨਸ਼ਨ ਨੀਤੀ ਲਾਗੂ ਕਰਾਂਗੇ, ਕਾਰਪੋਰੇਟਿਵ ਘਰਾਣਿਆਂ ਵਿੱਚ ਰਿਜਰਵੇਸ਼ਨ ਨੀਤੀ ਲਾਗੂ ਕਰਾਂਗੇ, ਅੰਤਰਰਾਸ਼ਟਰੀ ਵਪਾਰ ਦੀ ਪ੍ਰਗਤੀ ਲਈ ਵਾਹਗਾ ਬਾਰਡਰ ਖੋਲ ਕੇ ਲੱਖਾਂ ਲੋਕਾਂ ਵਾਸਤੇ ਰੁਜ਼ਗਾਰ ਪੈਦਾ ਕਰਾਂਗੇ, ਖੇਤੀਬਾੜੀ ਸੈਕਟਰ ਦੇਸ਼ ਦੀ ਰੀੜ ਦੀ ਹੱਡੀ ਹੈ ਇਸਨੂੰ ਹੋਰ ਵਿਕਸਿਤ ਕਰਨ ਲਈ ਸਾਰੀਆਂ ਫਸਲਾਂ ਸਬਜੀਆਂ ਤੇ ਫਲਾਂ ਤੇ ਐਮ.ਐਸ.ਪੀ ਗਰੰਟੀ ਕਾਨੂੰਨ ਲਾਗੂ ਕਰਾਂਗੇ, ਫਲਾਂ 'ਤੇ ਐਮ.ਐਸ.ਪੀ ਗਰੰਟੀ ਕਾਨੂੰਨ ਲਾਗੂ ਕਰਾਂਗੇ, ਨਰੇਗਾ ਮਜ਼ਦੂਰਾਂ ਦੀ ਦਿਹਾੜੀ 750 ਰੁਪਏ ਕਰਨ ਦਾ ਕਾਨੂੰਨ ਪਾਸ ਕਰਾਂਗੇ । ਇਸ ਮੌਕੇ ਇਕੱਤਰ ਹੋਏ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਚੋਣ ਨਿਸ਼ਾਨ ਮੰਜੇ ਨੂੰ ਵੋਟਾਂ ਪਾ ਕੇ ਸਾਨੂੰ ਜਿਤਾ ਕੇ ਸੰਸਦ ਵਿੱਚ ਭੇਜੋ ਤਾਂ ਕਿ ਲੋਕ ਹਿੱਤਾਂ ਲਈ ਅੱਗੇ ਵਧਿਆ ਜਾ ਸਕੇ ।

ਇੰਡੋਨੇਸ਼ੀਆ ਪ੍ਰਤੀਨਿਧੀ ਸਭਾ ਤੇ ਅੰਤਰ-ਸੰਸਦੀ ਸੰਘ ਵੱਲੋਂ 10ਵੇਂ ਵਿਸ਼ਵ ਜਲ ਫੋਰਮ 'ਤੇ ਸੰਸਦੀ ਮੀਟਿੰਗ

ਜਲੰਧਰ (ਸ਼ੈਲੀ ਐਲਬਰਟ) :- ਵਰਲਡ ਵਾਟਰ ਫੋਰਮ ਪਾਣੀ ਦੇ ਮੁੱਦਿਆਂ 'ਤੇ ਵਿਸ਼ਵ ਦਾ ਸਭ ਤੋਂ ਵੱਡਾ ਸਮਾਗਮ ਹੈ, ਜੋ ਹਰ ਤਿੰਨ ਸਾਲ ਬਾਅਦ ਆਯੋਜਿਤ ਕੀਤਾ ਜਾਂਦਾ ਹੈ। ਇਹ ਪਾਣੀ ਦੀਆਂ ਗੰਭੀਰ ਚਿੰਤਾਵਾਂ ਨੂੰ ਹੱਲ ਕਰਨ ਲਈ ਸਮੂਹਿਕ ਪ੍ਰਗਤੀ ਨੂੰ ਉਤਸ਼ਾਹਿਤ ਕਰਨ ਲਈ ਪ੍ਰਭਾਵਸ਼ਾਲੀ ਫੈਸਲੇ ਲੈਣ ਵਾਲਿਆਂ ਅਤੇ ਅੰਤਰਰਾਸ਼ਟਰੀ ਜਲ ਭਾਈਚਾਰੇ ਨੂੰ ਇਕੱਠਾ ਕਰਦਾ ਹੈ । ਆਈਪੀਯੂ ਅਤੇ ਇੰਡੋਨੇਸ਼ੀਆ ਦੇ ਪ੍ਰਤੀਨਿਧ ਸਦਨ 10ਵੇਂ ਵਿਸ਼ਵ ਜਲ ਮੰਚ ਤੇ ਇਸ ਸੰਸਦੀ ਬੈਠਕ ਦਾ ਆਯੋਜਨ ਕਰ ਰਹੇ ਹਨ। ਇਹ

ਵਿਸ਼ਵ ਭਰ ਦੇ ਸੰਸਦ ਮੈਂਬਰਾਂ ਨੂੰ ਪਾਣੀ ਦੀ ਕਮੀ ਨੂੰ ਹੱਲ ਕਰਨ ਵਾਲੇ ਕਾਨੂੰਨ ਨੂੰ ਉਤਸ਼ਾਹਿਤ ਕਰਨ, ਸਾਫ਼ ਪਾਣੀ ਤੱਕ ਪਹੁੰਚ ਵਧਾਉਣ ਲਈ ਸੰਸਦੀ ਸਹਿਯੋਗ ਨੂੰ ਬਿਹਤਰ ਬਣਾਉਣ ਅਤੇ ਵਿਸ਼ਵ ਸੁਰੱਖਿਆ ਅਤੇ ਖੁਸ਼ਹਾਲੀ ਲਈ ਪਾਣੀ ਨਾਲ ਸਬੰਧਤ ਕਾਰਵਾਈ ਨੂੰ ਪ੍ਰੇਰਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ । ਇਹ ਇਵੈਂਟ ਜਲ-ਸਬੰਧਤ ਚਿੰਤਾਵਾਂ ਤੇ ਸਹਿਯੋਗੀ ਗਤੀਵਿਧੀਆਂ ਨੂੰ ਵਧਾਉਣ, ਜਾਣਕਾਰੀ ਸਾਂਝੀ ਕਰਨ, ਅਭਿਆਸਾਂ ਅਤੇ ਤਜ਼ਰਬਿਆਂ ਦੇ ਆਦਾਨ-ਪ੍ਰਦਾਨ, ਨੈੱਟਵਰਕਿੰਗ ਅਤੇ ਭਾਈਵਾਲੀ ਬਣਾਉਣ ਲਈ ਵਿਸ਼ਵ ਪੱਧਰ ਤੇ ਸੰਸਦਾਂ ਨੂੰ ਇਕਜੁੱਟ ਕਰਦਾ ਹੈ। ਪਲੈਨਰੀ ਸੈਸ਼ਨ ਦੌਰਾਨ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਪਾਣੀ ਅਤੇ ਜਲਵਾਯੂ ਪਰਿਵਰਤਨ ਵਿਚਕਾਰ ਅਟੂਟ ਰਿਸ਼ਤੇ ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਪਾਣੀ ਜੀਵਨ ਦਾ ਤੱਤ ਹੈ, ਜੋ ਕਿ ਸਾਡੇ ਰੋਜ਼ਾਨਾ ਦੇ ਬਚਾਅ, ਆਰਥਿਕਤਾ ਅਤੇ ਸਾਡੇ ਗ੍ਰਹਿ ਨੂੰ ਕਾਇਮ ਰੱਖਣ ਲਈ ਮਹੱਤਵਪੂਰਨ ਹੈ। ਹਾਲਾਂਕਿ, ਸਾਡੇ ਗਲੋਬਲ ਜਲਵਾਯੂ ਵਿੱਚ ਤੇਜ਼ੀ ਨਾਲ ਬਦਲਾਅ ਪਾਣੀ ਦੀ ਸਥਿਰਤਾ ਅਤੇ ਉਪਲਬਧਤਾ ਨੂੰ ਖਤਰੇ ਵਿੱਚ ਪਾ ਰਹੇ ਹਨ। ਗਲੋਬਲ ਵਾਰਮਿੰਗ ਅਤੇ ਗਲੇਸ਼ੀਅਰ ਦੇ ਪਿਘਲਣ ਤੇ ਚਿੰਤਾ ਜ਼ਾਹਰ ਕਰਦੇ ਹੋਏ, ਉਨ੍ਹਾਂ ਨੇ ਉਜਾਗਰ ਕੀਤਾ ਕਿ ਵੱਧ ਰਹੇ ਤਾਪਮਾਨ ਵਾਯੂਮੰਡਲ ਦੇ ਸਰਕੂਲੇਸ਼ਨ ਪੈਟਰਨ ਨੂੰ ਬਦਲ ਰਹੇ ਹਨ, ਜਿਸ ਨਾਲ ਬਾਰਸ਼ ਵਿੱਚ ਬਦਲਾਅ ਹੋ ਰਿਹਾ ਹੈ, ਜਿਸ ਨਾਲ ਤੂਫਾਨ ਅਤੇ ਹੜ੍ਹ ਵਰਗੀਆਂ ਗੰਭੀਰ ਮੌਸਮੀ ਘ